# ਬੱਲ/ਜੱਟਾਂ ਦਾ ਪ੍ਰਾਚੀਨ ਇੱਤਿਹਾਸ

ਗੁਰਦੀਪ ਸਿੰਘ ਬੱਲ

# ਜਾਣਕਾਰੀ

ਇੱਤਿਹਾਸ ਦੀ ਮਹੱਤਤਾ ਬਾਰੇ ਹਰ ਭਾਸ਼ਾ ਵਿੱਚ ਸੈਂਕੜੇ ਕਥਨ,ਕਹਾਵਤਾਂ ਅਤੇ ਮੁਹਾਵਰੇ ਮਿਲਦੇ ਹਨ। ਅਮਰੀਕਾ ਦੇ ਮਸ਼ਹੂਰ ਪਰੈਜ਼ੀਡੈਂਟ Abraham Lincoln ਦੇ ਕਥਨ ਮੁਤਾਬਕ "We can not escape history". ਇੱਤਿਹਾਸ ਬੀਤੇ ਸਮੇਂ ਦਾ ਨਾਮ ਹੈ। ਪਰ ਇਸ ਬੀਤੇ ਸਮੇਂ ਨਾਲ ਹੁਣ ਵਾਲੇ ਅਤੇ ਆਉਣ ਵਾਲੇ ਸਮੇਂ ਦਾ ਅਟੁੱਟ ਸਬੰਧ ਹੈ। ਭਵਿੱਖ ਦੀ ਹੋਂਦ ਲਈ ਅਤੀਤ ਦਾ ਹੋਣਾਂ ਜਰੂਰੀ ਹੈ। ਅਤੀਤ ਦਾ ਪ੍ਰਭਾਵ ਇਨਸਾਨ ਲਈ ਚੰਗਾ ਵੀ ਹੋ ਸਕਦਾ ਹੈ ਅਤੇ ਬੁਰਾ ਵੀ। ਚੰਗਾ ਅਤੀਤ ਇਨਸਾਨ ਨੂੰ ਸਿਰ ਚੁੱਕਕੇ ਫਖਰ ਨਾਲ ਜੀਣ ਦਾ ਮੌਕਾ ਦੇਂਦਾ ਹੈ। ਬਜ਼ੁਰਗਾਂ ਦੀ ਬਹਾਦੁਰੀ, ਕ੍ਰਿਤਾਂ, ਕਾਰਨਾਮੇ ਅਤੇ ਕੁਰਬਾਨੀਆਂ, ਆਉਣ ਵਾਲੀਆਂ ਨਸਲਾਂ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਦੇਂਦੀਆਂ ਹਨ। ਪ੍ਰਾਚੀਨ ਬਜ਼ੁਰਗ ਕਿਵੇਂ ਜੀਏ ਅਤੇ ਕਿਵੇਂ ਮਰੇ। ਮੈਦਾਨੇ ਜੰਗ ਵਿੱਚ ਉਹਨਾਂ ਦੇ ਹੌਸਲੇ ਅਤੇ ਹਿੰਮਤ ਦੀਆਂ ਕਹਾਣੀਆਂ ਜਿਹਨਾਂ ਨੂੰ ਅਸੀਂ ਇੱਤਿਹਾਸ ਕਹਿੰਦੇ ਹਾਂ, ਸਾਡੇ ਸਵੈਮਾਨ ਅਤੇ ਆਤਮ ਵਿਸ਼ਵਾਸ ਦੀਆਂ ਜੜ੍ਹਾਂ ਹਨ। "ਬਾਬਾਣੀਆਂ ਕਹਾਣੀਆਂ, ਪੁੱਤ ਸਪੁੱਤ ਕਰੇਣ"

ਪ੍ਰਾਚੀਨ ਇੱਤਿਹਾਸ ਲਿਖਣਾ ਇੱਕ ਬਹੁਤ ਹੀ ਵੱਡੀ ਅਤੇ ਮੁਸ਼ਕਿਲ ਜੁਮੇਵਾਰੀ ਹੈ। ਕੋਈ ਵੀ ਇੱਤਿਹਾਸਕਾਰ ਇਹ ਦਾਵੇ ਨਾਲ ਨਹੀਂ ਕਹਿ ਸਕਦਾ ਕਿ ਹਜ਼ਾਰਾਂ ਸਾਲ ਪਹਿਲਾਂ ਕੀ ਹੋਇਆ? ਕਿਉਂ ਹੋਇਆ? ਕਿਥੇ ਹੋਇਆ? ਅਤੇ ਕਿਹਨੇ ਕੀਤਾ? ਪੁਰਾਣੇ ਖੰਡਰਾਂ ਦੀ ਖੋਦਾਈ ਵਿੱਚੋਂ ਲੱਭਾ ਕੋਈ ਸਿੱਕਾ, ਪ੍ਰਾਚੀਨ ਕਬਰ ਵਿੱਚੋਂ ਨਿਕਲੀ ਕੋਈ ਹੱਡੀ, ਏਥੋਂ ਤੱਕ ਕਿ ਹਜ਼ਾਰਾਂ ਸਾਲ ਪੁਰਾਣੇ ਕਿਸੇ ਟੁੱਟੇ ਭਾਂਡੇ ਦੀ ਇੱਕ ਠੀਕਰ ਹੀ ਉਹਨਾਂ ਦੇ ਦਾਵਿਆਂ ਨੂੰ ਝੂਠਾ ਸਾਬਤ ਕਰ ਸਕਦੀ ਹੈ। ਇੱਸ ਤੋਂ ਵੀ ਵੱਡੀ ਮੁਸ਼ਕਿਲ ਇਹ ਹੈ ਕਿ ਹਜ਼ਾਰਾਂ ਸਾਲਾਂ ਦੀਆਂ ਸੈਂਕੜੇ ਹਕੂਮਤਾਂ ਦੇ ਖੁਸ਼ਾਮਦੀ ਲਿਖਾਰੀਆਂ ਨੇ ਇੱਤਿਹਾਸ ਨੂੰ ਮਿੱਥਿਹਾਸ ਬਣਾਕੇ ਰੱਖ ਦਿੱਤਾ ਹੈ। ਜੱਦ ਵੀ ਕੋਈ ਇੱਤਿਹਾਸਕ ਘਟਨਾ ਵਾਪਰਦੀ ਹੈ, ਤਾਂ ਪੱਖ ਪਾਤੀ ਲਿਖਾਰੀ ਉਹਨੂੰ ਵਧਾ ਚੜ੍ਹਾ ਕੇ ਲਿਖਦੇ ਹਨ। ਸੌ ਦੋ ਸੌ ਸਾਲ ਬਾਦ ਓਹੀ ਇੱਤਿਹਾਸਿਕ ਘਟਨਾ ਇੱਕ ਕਿਸਾ ਕਹਾਣੀ ਲੱਗਣ ਲੱਗ ਪੈਂਦੀ ਹੈ। ਜਦੋਂ ਏਹੀ ਪੱਖ ਪਾਤੀ ਵਧਾ ਘਟਾ ਹਜ਼ਾਰਾਂ ਸਾਲ ਚੱਲਦਾ ਰਹਿੰਦਾ ਹੈ ਤਾਂ ਓਹੀ ਇੱਤਿਹਾਸਕ ਘਟਨਾਂ ਮਿੱਥਿਹਾਸ ਬਣ ਜਾਂਦੀ ਹੈ।

ਵੇਦ, ਪੁਰਾਣ, ਰਮਾਇਣ, ਮਹਾਂਭਾਰਤ ਅਤੇ ਹੋਰ ਪ੍ਰਾਚੀਨ ਲਿਖਤਾਂ ਇਸ ਪੱਖ ਪਾਤੀ ਵਧਾ ਘਟਾ ਦਾ ਪ੍ਰਮੁੱਖ ਪ੍ਰਮਾਣ ਹਨ। ਅੱਜ ਇਹ ਲਿਖਤਾਂ ਸੱਤਹ ਉੱਤੇ ਭਾਂਵੇ ਮਿੱਥਿਹਾਸਕ ਲੱਗਦੀਆਂ ਹਨ ਪਰ ਇਹਨਾਂ ਦੀ ਡੂੰਗਾਈ ਵਿੱਚ ਹੀ ਅਸਲੀ ਇੱਤਿਹਾਸ ਲੁਕਿਆ ਹੈ। ਇਸ ਖੋਜ ਪੱਤਰ ਦੇ ਪਹਿਲੇ ਹਿੱਸੇ ਵਿੱਚ ਕੁਝ ਮਿੱਥਿਹਾਸਕ ਕਥਾ ਕਹਾਣੀਆਂ ਦਾ ਜ਼ਿਕਰ ਕੀਤਾ ਗਿਆ ਹੈ। ਮੇਰਾ ਪਾਠਕਾਂ ਅੱਗੇ ਨਿਵੇਦਨ ਹੈ ਕਿ ਉਹ ਇਸ ਹਿੱਸੇ ਨੂੰ ਵੀ ਪੂਰੇ ਗੌਰ ਨਾਲ ਪੜ੍ਹਨ। ਕਿਉਂਕਿ ਬੱਲ/ਜੱਟਾਂ ਦੇ ਪ੍ਰਾਚੀਨ ਇੱਤਿਹਾਸ ਦੀ ਪੂਰੀ ਤਸਵੀਰ ਵੇਖਣ ਲਈ, ਇਹਨਾਂ ਕਥਾ ਕਹਾਣੀਆਂ ਦੀ ਜਾਣਕਾਰੀ ਮਹੱਤਵ ਪੂਰਣ ਵੀ ਹੈ ਅਤੇ ਜਰੂਰੀ ਵੀ। ਬਾਕੀ ਦੀ ਸਾਰੀ Research ਠੋਸ ਅਤੇ ਨਿਰੋਲ ਇੱਤਿਹਾਸਕ ਹੈ। ਹਰ ਬਿਆਨ ਅਤੇ ਹਰ ਦਾਵੇ ਦੀ ਪੁਸ਼ਟੀ ਲਈ ਕਿਸੇ ਨਾ ਕਿਸੇ ਮਸ਼ਹੂਰ ਅਤੇ ਮਨਜ਼ੂਰ ਇੱਤਿਹਾਸਕਾਰ ਦੀ ਗਵਾਹੀ ਪੁਆਈ ਗਈ ਹੈ।

ਗਲਤੀ ਹਰ ਇਨਸਾਨ ਤੋਂ ਹੋ ਸਕਦੀ ਹੈ। ਇੱਤਿਹਾਸਕਾਰ ਵੀ ਇਨਸਾਨ ਹੀ ਹਨ। ਪਰ ਕੁਝ ਲੋਕ ਜਾਣ ਬੁੱਝਕੇ ਇੱਤਿਹਾਸ ਦੇ ਪੰਨਿਆਂ ਨੂੰ ਧੁੰਧਲਾ ਕਰਨ ਲਈ ਝੂਠੀਆਂ ਮਨਘੱੜਤ ਕਹਾਣੀਆਂ ਨੂੰ ਇੱਤਿਹਾਸ ਨਾਲ ਜੋੜ ਦਿੰਦੇ ਹਨ। ਉਹਨਾਂ ਦਾ ਮਨੋਰੱਥ ਹੈ ਮਸਾਲੇ ਦਾਰ ਕਥਾ ਕਹਾਣੀਆਂ ਸੁਣਾ ਕੇ ਜ਼ਿਆਦਾ ਤੋਂ ਜ਼ਿਆਦਾ ਦਕਸ਼ਣਾਂ ਉਗਰਾਹੁਣੀ। ਆਪਣੀ ਉਸਤੱਤ ਅਤੇ ਆਪਣੇ ਦੁਸ਼ਮਣਾਂ ਦੀ ਬਦਨਾਮੀ ਕਰਨੀ। ਪੁਰਾਣਾਂ ਦੇ ਬ੍ਰਾਹਮਣ ਲਿਖਾਰੀ ਇਸ ਗੱਲ ਦੀ ਮੂਹੋਂ ਬੋਲਦੀ ਮਿਸਾਲ ਹਨ। ਜੋ ਵੀ ਕੋਈ, ਬ੍ਰਾਹਮਣ ਚਤੁਰ ਵਰਣ (ਜਾਤ ਪਾਤ) ਦੇ ਜਾਲ ਵਿੱਚ

ਨਹੀ ਫੱਸਿਆ, ਉਹਨੂੰ, ਬ੍ਰਾਹਮਣ ਕਲਮ ਨੇ ਦੈਂਤ, ਦਾਨਵ, ਰਾਕਸ਼ੱਸ ਬਣਾ ਦਿੱਤਾ। ਆਪ ਅਤੇ ਆਪਣੇ ਸੱਮ੍ਰਥਕਾਂ ਨੂੰ ਦੇਵ ਯਾਂ ਦੇਵਤਾ ਬਣਾ ਲਿਆ। ਪ੍ਰਾਚੀਨ ਸਮੇਂ ਦੇ ਜੱਟ ਚਤੁਰ ਵਰਣ ਨੂੰ ਨਹੀਂ ਸੀ ਮੰਨਦੇ ਅਤੇ ਏਸੇ ਕਰਕੇ ਹੀ ਬ੍ਰਾਹਮਣ ਲਿਖਾਰੀਆਂ ਦੀ ਕਲਮ ਦਾ ਸ਼ਿਕਾਰ ਬਣੇ। ਖਾਸ ਕਰਕੇ ਬੱਲ ਜੱਟ ਉਹਨਾਂ ਦੀਆਂ ਅੱਖਾਂ ਵਿੱਚ ਬਹੁਤ ਰੱੜਕਦੇ ਸਨ। ਬੱਲਾਂ ਦੇ ਪ੍ਰਾਚੀਨ ਰਾਜੇ ਏਨੇ ਸ਼ਕਤੀਸ਼ਾਲੀ ਸਨ ਕਿ ਬ੍ਰਾਹਮਣਾਂ ਦੇ ਦੇਵਤੇ ਵੀ ਉਹਨਾਂ ਦਾ ਨਾਮ ਹੀ ਸੁਣਕੇ ਕੰਬਦੇ ਸਨ। ਰਾਜਾ ਬੱਲ ਜੋ ਕਿ ਭਗਤ ਪ੍ਰੱਲਾਦ ਦਾ ਪੋਤਰਾ ਸੀ ਇਸ ਗੱਲ ਦੀ ਮਿਸਾਲ ਹੈ। ਜੱਟ ਤੀਰ ਅਤੇ ਤਲਵਾਰ ਦੇ ਜੋਰ ਨਾਲ ਇੱਤਿਹਾਸ ਬਣਾਉਂਦੇ ਰਹੇ ਪਰ ਉਹਨਾਂ ਦੇ ਦੁਸ਼ਮਣ ਕਲਮ ਦੇ ਜੋਰ ਨਾਲ ਇਸ ਇੱਤਿਹਾਸ ਨੂੰ ਮਿੱਥਿਹਾਸ ਬਣਾਉਂਦੇ ਗਏ।

ਸੱਚ ਕੀ ਹੈ, ਇਹਦਾ ਨਿਰਣਾਂ ਤਾਂ ਪਾਠਕਾਂ ਦੇ ਹੱਥ ਹੈ। ਮੈਂ ਤਾਂ ਸਿਰਫ ਇੱਕ ਨਿਮਾਣੀ ਜਿਹੀ ਕੋਸ਼ਿਸ਼ ਕਰ ਰਿਹਾਂ ਹਾਂ, ਉਹ ਸਾਹਮਣੇ ਲਿਆਉਣ ਦੀ, ਜੋ ਮੈਨੂੰ ਸੱਚ ਲੱਗਾ। ਬੱਲ/ਜੱਟ ਕੌਣ ਹਨ? ਇਹਨਾਂ ਦੇ ਪ੍ਰਾਚੀਨ ਬਜ਼ੁਰਗ ਕੌਣ ਸਨ ਅਤੇ ਕਿਹੜਿਆਂ ਇੱਲਾਕਿਆਂ ਦੇ ਰਹਿਣ ਵਾਲੇ ਸਨ? ਉਹ ਕਦੋਂ ਅਤੇ ਕਿਵੇਂ ਭਾਰਤ ਪਹੁੰਚੇ? ਕਿਵੇਂ ਉਹਨਾਂ ਵਿਚੋਂ ਕੁਝ ਦੁਨੀਆਂ ਦਿਆਂ ਹੋਰਨਾਂ ਇੱਲਾਕਿਆਂ ਵਿੱਚ ਖਿਲਰ ਗਏ? ਇਹ ਖੋਜ ਪੱਤਰ (Research Paper) ਪੜ੍ਹਨ ਤੋਂ ਬਾਦ ਉਮੀਦ ਹੈ ਪਾਠਕਾਂ ਨੂੰ ਇਹਨਾਂ ਸਵਾਲਾਂ ਦੇ ਤਸੱਲੀ ਬੱਖਸ਼ ਜਵਾਬ ਮਿਲ ਜਾਣਗੇ।

Gurdip Singh Bal.
Fresno Calif.
U.S.A

## ਬੱਲ ਕੌਣ ਹਨ?

ਸ਼ਿਵ ਜੀ ਦੇ ਵਰਦਾਨ ਨਾਲ ਸੁਰੱਖਤ ਹੋਏ, ਭਗਤ ਪ੍ਰਲਾਦ ਦੀ ਕੁਲ ਵਾਲੇ, ਪੁਰਾਣਾਂ ਦੇ ਸੂਰਜਵੰਸ਼ੀ ਸੂਰਮੇ, ਸਿੰਧ ਤੋਂ ਲੱਗਕੇ ਬੈਬਲਾਨ ਤਕ ਰਾਜ ਕਰਨ ਵਾਲੇ ਬੱਲ ਸਨ। ਸਿਕੰਦਰ ਮਹਾਨ ਦੀ ਵਾਪਸੀ ਉੱਤੇ ਉਹਨੂੰ ਨੱਕ ਨਾਲ ਚਨੇ ਚਬਾਉਣ ਵਾਲੇ, ਰੋਮਨਾਂ ਦੇ ਰਾਜ ਨੂੰ ਢਾਹ ਲਾਕੇ ਮਹਾਨ ਬੱਲਗਾਰੀਆ ਦਾ ਰਾਜ ਸਥਾਪਤ ਕਰਨ ਵਾਲੇ ਬੱਲ ਸਨ। ਬੱਲਬੀਪੁਰ (ਗੁਜਰਾਤ) ਵਿੱਚ ਆਪਣਾ ਰਾਜ ਕਾਇਮ ਕਰਕੇ ਬੱਲਾਂ ਦੇ ਨਾਮ ਉੱਤੇ ਸੰਮਤ ਅਤੇ ਸਿੱਕਾ ਚਲਾਉਣ ਵਾਲੇ ਬੱਲ ਸਨ। ਰਾਜਪੂਤਾਂ ਦੇ ਗਹਿਲੋਤ, ਮੇਵਾੜ ਅਤੇ ਸਿਸੋਦੀਆ ਖਾਨਦਾਨਾਂ ਦੀ ਨੀਂਹ ਰੱਖਣ ਵਾਲੇ ਬੱਲ ਸਨ। ਮਹਾਂਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟਾ ਵੀ ਬੱਲ ਵੰਸ਼ ਵਿੱਚੋਂ ਹਨ। ਮਹਾਂਭਾਰਤ ਦਾ ਭਗਵਾਨ ਕ੍ਰਿਸ਼ਨ, ਅਤੇ ਕਨੌਜ ਦਾ ਹਰਸ਼ਵਰਦਨ, ਵਿਆਹ ਸ਼ਾਦੀਆਂ ਨਾਲ ਬਣੇ ਬੱਲਾਂ ਦੇ ਰਿਸ਼ਤੇਦਾਰ ਸਨ। ਗੁਰੂ ਹਰਗੋਬਿੰਦ ਸਾਹਿਬ ਦੇ ਮੁਰੀਦ, ਗੁਰੂ ਗੋਬਿੰਦ ਸਿੰਘ ਜੀ ਦੇ ਭਰੋਸੇ ਯੋਗ ਅਤੇ ਬੰਦੇ ਬਹਾਦਰ ਦੇ ਮੋਢੇ ਨਾਲ ਮੋਢਾ ਜੋੜਕੇ ਮੁਗਲ ਜ਼ੁਲਮ ਦੇ ਬਰਖਿਲਾਫ ਲੜਨ ਵਾਲੇ ਬੱਲ ਸਨ।

ਬੱਲ/ ਬੱਲਾ /ਬੱਲਹੀਕਾ ਦਾ ਸੱਭ ਤੋਂ ਪਹਿਲਾ ਜ਼ਿਕਰ ਮਹਾਂਭਾਰਤ ਵਿੱਚ ਮਿਲਦਾ ਹੈ। ਇਸ ਮਹਾਨ ਯੁੱਧ ਵਿੱਚ ਬੱਲਾਂ ਨੇ ਕੌਰਵਾਂ ਦਾ ਸਾਥ ਦਿੱਤਾ। ਬੱਲਾਂ ਦੀ ਬਹਾਦਰੀ ਅਤੇ ਉਹਨਾਂ ਦੇ ਚਿੱਟੇ ਸਫੇਦ (Nisean) ਘੋੜਿਆਂ ਦੀ ਸ਼ਲਾਘਾ ਦਾ ਜ਼ਿਕਰ ਮਹਾਂਭਾਰਤ ਵਿੱਚ ਹੈ। ਪੰਜਾਹ ਦੇ ਕਰੀਬ ਦੂਸਰੇ ਜੱਟ ਕਬੀਲਿਆਂ ਦੇ ਨਾਮ ਵੀ ਮਹਾਂਭਾਰਤ ਵਿੱਚ ਆਉਂਦੇ ਹਨ। ਸੱਭ ਪ੍ਰਾਚੀਨ ਇੱਤਿਹਾਸਕ ਪੁੱਸਤਕਾਂ ਪਾਮੀਰ ਪਰਬਤ ਅਤੇ ਹਿੰਦੂਕੁਸ਼ ਪਰਬਤ ਦੇ ਇਲਾਕੇ ਨੂੰ ਬੱਲਾਂ ਦਾ ਪ੍ਰਾਚੀਨ ਘਰ ਮੰਨਦੀਆਂ ਹਨ। ਅਸਲ ਵਿੱਚ ਪ੍ਰਾਚੀਨ ਜੱਟ ਕਬੀਲੇ ਮੰਗੋਲੀਆ ਤੋਂ ਲੱਗਕੇ ਇਰਾਨ, ਇਰਾਕ ਅਤੇ ਟੱਰਕੀ ਤੱਕ ਫੈਲੇ ਸਨ। ਜੱਟਾਂ ਦਾ ਇਹ ਰਿਵਾਜ਼ ਸੀ ਕਿ ਉਹ ਆਮ ਤੌਰ ਉੱਤੇ ਆਪਣੇ ਕਾਬਜ਼ ਇਲਾਕਿਆਂ ਦੇ ਨਾਮ ਆਪਣੇ ਕਬੀਲੇ ਦੇ ਨਾਂਮ ਉੱਤੇ ਰੱਖਦੇ ਸਨ। ਬੱਲਖ, ਕਾਬਲ, ਜ਼ਾਬਲ, ਬੱਲੰਦਜ਼ਾਰ, ਬੱਲਕਾਸ਼ ਬੱਲਨਜ਼ਾਰ ਅਤੇ ਬੱਲਸਗੂਨ ਬੱਲਾਂ ਦੇ ਪ੍ਰਾਚੀਨ ਇਲਾਕੇ ਹਨ।

600 B.C.E ਮਹਾਂਭਾਰਤ ਦੇ ਸਮੇ ਤੋਂ ਹੀ ਬੱਲ/ਜੱਟ ਪੰਜਾਬ ਅਤੇ ਸਿੰਧ ਵਿੱਚ ਮੌਜੂਦ ਸਨ। ਪਰ ਬਹੁ ਗਿਣਤੀ ਪਾਮੀਰ ਪਰਬਤ ਦੇ ਇਲਾਕੇ ਵਿੱਚ ਹੀ ਸੀ। 300 B.C.E ਇਹ ਬੱਲ ਚੀਨ ਦੀਆਂ ਉੱਤਰ ਪੱਛਮੀ ਸਰਹੱਦਾਂ ਉੱਤੇ ਹਮਲੇ ਕਰਦੇ ਰਹਿੰਦੇ ਸਨ। ਚੀਨੀ ਸੂਤਰਾਂ ਵਿੱਚ ਇਹਨਾਂ ਨੂੰ HuingNu/ HonuBalgar ਲਿਖਿਆ ਗਿਆ ਹੈ। 100 C.E ਦੇ ਕਰੀਬ ਬੱਲਾਂ ਦੀ ਬਹੁ ਗਿਣਤੀ ਅੱਮੂ ਦਰਿਆ ਅਤੇ ਅਰਾਲ ਸਾਗਰ ਦੇ ਇਲਾਕੇ ਵਿੱਚ ਸੀ। ਬੱਲਾਂ ਦਾ ਪਹਿਲਾ ਜੱਥਾ 310 C.E ਵਿੱਚ ਅੱਮੂ ਦਰਿਆ (Oxsus Valley) ਦੇ ਇਲਾਕੇ ਤੋਂ ਉਠਕੇ ਭਾਰਤ ਵਿੱਚ ਪਹੁੰਚਾ ਅਤੇ ਗੁਜਰਾਤ ਵਿੱਚ ਪਹਿਲਾਂ ਹੀ ਮੌਜੂਦ ਬੱਲਾਂ ਨਾਲ ਮਿਲਕੇ ਗੁਪਤਾ ਰਾਜ ਦੇ ਢਹਿ ਢੇਰੀ ਹੋਣ ਤੋਂ ਬਾਦ ਬੱਲਬੀਪੁਰ ਵਿੱਚ ਆਪਣਾਂ ਰਾਜ ਕਾਇਮ ਕੀਤਾ। 350 C.E ਵਿੱਚ ਬੱਲਾਂ ਦੂਜਾ ਜੱਥਾ Aral Sea ਦੇ ਇਲਾਕੇ ਵਿੱਚੋਂ ਉਠਕੇ, Khazars ਅਤੇ Huns ਨਾਲ ਮਿਲਕੇ,ਆਪਣੇ ਰਾਜੇ ਬੱਲਮੀਰ ਦੀ ਅਗਵਾਈ ਹੇਠ ਪੱਛਮ ਦੇ ਦੇਸਾਂ ਵੱਲ ਨਿੱਕਲ ਗਿਆ। ਇਹ ਉਹ ਲੋਕ ਸਨ ਜਿਹਨਾਂ ਨੇ Roman Empire ਨੂੰ ਹਿਲਾ ਕੇ ਰੱਖ ਦਿੱਤਾ। ਇੱਹਨਾਂ ਬੱਲਾਂ ਨੂੰ ਇੱਤਿਹਾਸਕਾਰਾਂ ਨੇ Balgar/ Balgur/ Bulgar ਆਦਿਕ ਨਾਂਵਾਂ ਨਾਲ ਲਿਖਿਆ ਹੈ। ਇਹਨਾਂ ਬੱਲਾਂ ਨੇ ਹੀ ਰੋਮ ਦੀ ਤਬਾਹੀ ਤੋਂ ਬਾਦ ਆਪਣੇ ਰਾਜੇ ਕੁਬਰਾਤ ਦੀ ਅਗਵਾਈ ਹੇਠ 600 C.E ਵਿੱਚ Bulgaria ਦਾ ਪਹਿਲਾ ਰਾਜ ਸਥਾਪਤ ਕੀਤਾ।

ਗੁਜਰਾਤ ਦੇ ਪਹਿਲੇ ਬੱਲ ਰਾਜੇ ਦਾ ਨਾਮ ਕਨਕਸੇਨ ਸੀ ਜੋ ਲਹੌਰ ਤੋਂ ਗੁਜਰਾਤ ਗਿਆ ਅਤੇ ਬੀਰ ਨਗਰ ਦੀ ਨੀਂਹ ਰੱਖੀ। ਕਨਕਸੇਨ ਤੋਂ ਬਾਦ ਵਿਜੈ ਸੇਨ ਨੇ ਵਿਜੈ ਨਗਰ ਵਸਾਇਆ। ਉਸਤੋਂ ਬਾਦ ਭਟਾਰਕ ਸੇਨ ਨੇ ਸਾਰੇ ਗੁਜਰਾਤ ਸੂਬੇ ਉੱਤੇ ਕਬਜ਼ਾ ਕਰਕੇ ਬੱਲਬੀਪੁਰ ਰਾਜ ਦੀ ਨੀਂਹ ਰੱਖੀ। ਭਟਾਰਕ ਸੇਨ ਗੁਪਤਾ ਰਾਜ ਦਾ ਮੁੱਖ ਸੈਨਾਪਤੀ ਸੀ। ਚੀਨੀ ਯਾਤਰੀ ਹੂਨ ਸਾਂਗ ਬੱਲਬੀਪੁਰ ਦੇ ਰਾਜਿਆਂ ਨੂੰ ਬੁੱਧ ਧਰਮ ਨਾਲ ਸਬੰਧਤ ਕਸ਼ੱਤਰੀ ਲਿਖਦਾ ਹੈ। ਬੱਲਬੀਪੁਰ ਦਾ ਅਖੀਰਲਾ ਰਾਜਾ ਸਿਲਾਅਦਿੱਤ ਆਪਣੇ ਆਪ ਨੂੰ ਪਰਮਾਰ ਰਾਜਪੂਤ ਕਹਿੰਦਾ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਬੱਲਬੀਪੁਰ ਰਾਜ ਦੇ ਅਖੀਰਲੇ ਸਾਲਾਂ ਸਮੇ ਅਬੂ ਪਰਬਤ (ਰਾਜਸਥਾਨ) ਵਾਲਾ ਯੱਗ ਰੱਚਿਆ ਗਿਆ। ਇੱਸ ਯੱਗ ਰਾਹੀਂ ਕਈ ਜੱਟ ਅਤੇ ਗੁਜਰ ਕਬੀਲਿਆਂ ਨੂੰ ਹਿੰਦੂ ਧਰਮ ਵਿੱਚ ਸ਼ਾਮਲ ਕਰ ਲਿਆ ਗਿਆ। ਇਹਨਾਂ ਕਬੀਲਿਆਂ ਨੂੰ ਚਾਰ ਰਾਜਪੂਤ ਸ਼੍ਰੇਣੀਆਂ ਵਿੱਚ ਵੰਡ ਦਿਤਾ ਗਿਆ। ਬੱਲ ਪਰਮਾਰ ਰਾਜਪੂਤ ਸ਼੍ਰੇਣੀ ਵਿੱਚੋਂ ਹਨ। ਬੱਲਬੀਪੁਰ ਦੇ 11 ਬੱਲ ਰਾਜਿਆਂ ਨੇ ਤਕਰੀਬਨ ਤਿੰਨ ਸੌ ਸਾਲ ਰਾਜ ਕੀਤਾ। ਅਰਬ ਜਰਨੈਲ ਅਬਰੂ ਬਿਨ ਜਮਾਲ ਦੇ ਹਮਲੇ ਸਮੇ ਬੱਲਬੀਪੁਰ ਦਾ ਅਖੀਰਲਾ ਬੱਲ ਰਾਜਾ ਸਿਲਾਅਦਿੱਤ ਮਾਰਿਆ ਗਿਆ ਪਰ ਉਹਦੀ ਗਰਭਵਤੀ ਰਾਣੀ ਜੋ ਉਸ ਸਮੇ ਰਾਜਸਥਾਨ ਵਿੱਚ ਸੀ ਬੱਚ ਗਈ। ਉਹਦੀ ਕੁੱਖ ਵਿੱਚੋਂ ਜੰਮਿਆ ਪੁੱਤਰ ਗੋਹਿਲ ਦੇ ਨਾਮ ਨਾਲ ਮਸ਼ਹੂਰ ਹੋਇਆ। ਇਸਤਰਾਂ ਬੱਲਾਂ ਦਾ ਬੱਲਬੀਪੁਰ ਰਾਜ ਖਤਮ ਹੋਇਆ ਅਤੇ ਬੱਲਾਂ ਦਾ ਗੋਹਿਲ (ਗੋਹਿਲੋਤ) ਖਾਨਦਾਨ ਸ਼ੁਰੂ ਹੋਇਆ ਜੋ ਬਾਦ ਵਿੱਚ ਮੇਵਾੜ ਰਾਜ ਬਣਿਆਂ। ਬੱਲਾਂ ਦੇ ਕੁਝ ਰਾਜ ਸਿੰਧ, ਕਸ਼ਮੀਰ, ਮਾਲਵਾ (ਮੱਧ ਪ੍ਰਦੇਸ) ਮੰਡੂ, ਅੱਨਹਲਵਾਰਾ ਅਤੇ ਧਾਰਾ ਨਗਰੀ ਵਿੱਚ ਵੀ ਸਨ।

ਚੌਦਵੀ ਸਦੀ ਵਿੱਚ ਅਲਾਉਦੀਨ ਖਿਲਜੀ ਦੇ ਹੱਥੋਂ ਤੰਗ ਆ ਕੇ ਬੱਲ ਮਾਲਵਾ ਛੱਡ ਉੱਤਰ ਪ੍ਰਦੇਸ,ਹਰਿਆਣਾਂ ਅਤੇ ਪੰਜਾਬ ਵੱਲ ਆ ਨਿਕਲੇ। ਜਿਲਾ ਮੁਜੱਫਰ ਨਗਰ (U.P) ਵਿੱਚ ਬੱਲਾਂ ਦੇ 100 ਦੇ ਕਰੀਬ ਪਿੰਡ ਹਨ। ਇਸ ਇਲਾਕੇ ਵਿੱਚ ਬੱਲਾਂ ਨੂੰ ਬੱਲੀਆਂ ਕਹਿੰਦੇ ਹਨ। ਮੁਗਲ ਬਾਦਸ਼ਾਹ ਬਾਬਰ ਦੇ ਸਮੇ ਬੱਲ ਪੰਜਾਬ ਵੱਲ ਵਧੇ। ਮਾਲਵੇ (ਲੁਦਿਆਣਾਂ) ਦੋਆਬੇ (ਜਲੰਧਰ) ਅਤੇ ਮਾਝੇ (ਅਮ੍ਰਿਤਸਰ) ਵਿੱਚ ਬੱਲਾਂ ਦੇ ਬਹੁਤ ਪਿੰਡ ਹਨ। ਦਰਿਆ ਬਿਆਸ ਦੇ ਪੱਛਮੀ ਕੰਢੇ ਦੇ ਨਾਲ ਨਾਲ ਬੱਲਾਂ ਦੇ ਕਈ ਪਿੰਡ ਹਨ। ਇਹਨਾਂ ਵਿਚੋਂ ਬੁਤਾਲਾ ਜੋ ਮੇਰਾ ਆਪਣਾ ਪਿੰਡ ਹੈ ਅਤੇ ਸਠਿਆਲਾ ਕਾਫੀ ਵੱਡੇ ਅਤੇ ਇੱਤਿਹਾਸਕ ਪਿੰਡ ਹਨ। ਇਹਨਾਂ ਪਿੰਡਾਂ ਦੇ ਬੱਲ ਆਪਣੀ ਸੋਹਲਵੀਂ ਸਦੀ ਦੀ ਪਿਛੋਕੜ ਬੱਲਮਗੱੜ ਜਿਲਾ ਸੰਗਰੂਰ ਨਾਲ ਜੋੜਦੇ ਹਨ। ਸੰਗਰੂਰ ਸੇਖੋਂ ਜੱਟਾਂ ਦਾ ਵਸਾਇਆ ਹੋਇਆ ਸ਼ਹਿਰ ਹੈ। ਸੇਖੋਂ ਅਤੇ ਬੱਲਾਂ ਦਾ ਪਰਮਾਰ ਰਾਜਪੂਤੀ ਵਿਰਸਾ ਸਾਂਝਾ ਹੈ। ਬਿਆਸ ਦੇ ਪੂਰਬੀ ਕੰਢੇ ਉੱਤੇ ਬੁਤਾਲਾ (ਮੰਡ) ਵੀ ਬੱਲਾਂ ਦਾ ਪਿੰਡ ਹੈ। ਬੱਲ Kurdistan, Armenia, Bulgaria, Hungary, Romania, Germany, France, Russia ਅਤੇ ਕਈ ਹੋਰ ਯੂਰਪੀ ਮੁਲਕਾਂ ਵਿੱਚ ਵੀ ਹਨ। ਫਰੂਖ ਬੱਲ Turkey ਦਾ ਮੌਜ਼ੂਦਾ ਸਟੇਟ ਮਨਿਸਟਰ ਹੈ। ਸਲੀਹ ਬੱਲ ਖੁਰਦਿਸਤਾਨ ਦਾ ਮਸ਼ਹੂਰ ਪੱਤਰਕਾਰ ਹੈ। ਮਿਹਮਤ ਬੱਲ Ankara University ਵਿੱਚ ਸਹਾਇਕ ਪ੍ਰਬੰਧਕ ਹੈ।

## ਪੁਰਾਣਿਕ ਪ੍ਰਮਾਣ

ਗਰੁੜਾ ਪੁਰਾਣ ਵਿੱਚ ਧਰਤੀ ਨੂੰ ਸੱਤਾਂ ਹਿਸਿਆਂ ਵਿੱਚ ਵੰਡਿਆਂ ਹੈ। ਇਹਨਾਂ ਸੱਤਾਂ ਦੇ ਨਾਮ ਹਨ, ਜੰਬੂ ਦੀਪ, ਪਲਾਕਸ਼ ਦੀਪ, ਸ਼ਲਮਾਲਾ ਦੀਪ, ਕੁਸ਼ਾ ਦੀਪ, ਕਰੰਚਾ ਦੀਪ, ਸ਼ਾਕਾ ਦੀਪ ਅਤੇ ਪੁਸ਼ਕਾਰਾ ਦੀਪ। ਜੰਬੂ ਦੀਪ ਨੂੰ ਅਗਾਂਹ ਹੋਰ 9 ਵਰਸ਼ਾਂ (ਹਿੱਸਿਆਂ) ਵਿੱਚ ਵੰਡਿਆ ਗਿਆ ਹੈ। ਇਹਨਾਂ ਦੇ ਨਾਮ ਹਨ ਨਾਭੀ ਵਰਸ਼, ਕਿਮਪੁਰਸ਼, ਹਰੀ ਵਰਸ਼, ਆਈਲਾ, ਰਾਮੇਆਂ, ਹਿਰਨਵਾਂਨਾਂ, ਕੁਰੂ, ਭਦਰਾਸ਼ਵਾ ਅਤੇ ਕੇਤੂਮਾਲਾ। ਨਾਭੀ ਵਰਸ਼ ਨੂੰ ਬਾਦ ਵਿੱਚ ਭਾਰਤ ਵਰਸ਼ ਕਿਹਾ ਗਿਆ। ਕੁਰੂ, ਪੰਚਾਲ, ਮੱਤਸੇਯਾ, ਯੁਧੇਆ, ਪਤਾਸ਼ਰਾ, ਕੁੰਤੀ ਅਤੇ ਸ਼ੁਰਸੇਨਾ ਦੇ

ਰਾਜ ਭਾਰਤ ਵਰਸ਼ ਦੇ ਕੇਂਦਰ ਵਿੱਚ ਹਨ। ਪਦਮਾ, ਸੂਤਾ, ਮੱਗਧ, ਚੇਡੀ, ਕੱਸ਼ਯਾ, ਵਿਧਿਆ, ਅਤੇ ਕੁਸ਼ਾਲਾ ਪੂਰਬ ਵਿੱਚ ਹਨ। ਕਲਿੰਗਾ, ਬੰਗਾ, ਪੁੰਦਰਾ, ਅੰਗਾ , ਵਿਦਰਬਾ ਅਤੇ ਮੁਲਾਕਾ ਦੱਖਣ-ਪੂਰਬ ਵਿੱਚ ਹਨ। ਪੁਲਿੰਦਾ, ਅਸਮਾਕਾ, ਜਮੂਤਾ, ਕਰਨਾਤਾ, ਕੰਬੋਜ, ਦਰਾਵੜ, ਲੱਟਾ, ਸ਼ਾਕਾ ਅਤੇ ਅਨਾਰਤਾ ਦੱਖਣ-ਪੱਛਮ ਵਿੱਚ ਹਨ। ਸਿੰਧੂ, ਯਵਨ, ਮਾਥੂਰਾ ਅਤੇ ਨਿਸ਼ਾਦਾ ਪੱਛਮ ਵਿੱਚ ਹਨ। ਮੰਡਵਾ, ਤੁਸ਼ਾਰਾ, ਮੁਲੀਕਾ, ਮੁਸ਼ਾ, ਖਾਸ਼ਾ, ਮਹਾਂਕੇਸ਼ਾ ਅਤੇ ਮਹਾਂਨਧਾ ਉੱਤਰ ਪੱਛਮ ਵਿੱਚ ਹਨ। ਲੰਬਾਕਾ, ਸਤਾਨਾ, ਨਾਗਾ, ਮਾਦਰਾ, ਗੰਧਾਰ ਅਤੇ **ਬੱਲਹੀਕਾ (ਬੱਲ)** ਭਾਰਤ ਵਰਸ਼ ਦੇ ਉੱਤਰ ਵਿੱਚ ਹਨ। ਤਗਾਰਤਾ, ਨੀਲਾ, ਕੁਲਾਭਾ, ਅਭੀਸ਼ਾਨਾ ਅਤੇ ਕਸ਼ਮੀਰਾ ਉੱਤਰ-ਪੱਛਮ ਵਿੱਚ ਹਨ।

ਇਸ ਪੁਰਾਣਕ ਜਾਣਕਾਰੀ ਤੋਂ ਇਹ ਸਾਬਤ ਹੁੰਦਾ ਹੈ ਕਿ ਪਰਾਚੀਨ ਬੱਲ ਭਾਰਤ ਦੇ ਉੱਤਰ ਵਿੱਚ ਪਾਮੀਰ ਪਰਬਤ ਦੇ ਇਲਾਕੇ ਵਿੱਚ ਰਹਿੰਦੇ ਸਨ। Petar Dobrev ਯੂਰਪੀਨ ਬੱਲਾਂ ਦੀ ਪਿਛੋਕੜ ਏਸੇ ਇਲਾਕੇ ਨਾਲ ਹੀ ਜੋੜਦਾ ਹੈ। "..that the lands of ancient Bulgarians were in the valleys of the Pamir and the Hindukush. … After almost two centuries of research and the endeavors of many scholars the sacred fatherland of the Bulgarians was discovered. This land, so dear to us, was situated in the foots of the Pamir and the Hindukush, where since ancient times existed the states of BALGAR and BALHARA".

ਜੰਬੂ ਦੀਪ ਇੱਕ ਬਹੁਤ ਹੀ ਵੱਡੇ ਇਲਾਕੇ ਦਾ ਨਾਮ ਸੀ। ਇੱਸ ਇਲਾਕੇ ਵਿੱਚ ਅੱਜ ਦਾ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਮੰਗੋਲੀਆ ਅਤੇ ਸਾਰਾ ਮੱਧ ਏਸ਼ੀਆ ਆ ਜਾਂਦਾ ਹੈ।"To understand the ancient Indian history we have to think of Jambudvipa from Mongolia to Syria, from Siberia to India and not India alone" (Jats The Ancient rulers By B.S Dahiya) ਭਾਰਤ ਵਰਸ਼ ਜੰਬੂ ਦੀਪ ਦਾ ਇੱਕ ਹਿੱਸਾ ਸੀ। ਅਸਲ ਵਿੱਚ ਵਰਸ਼ ਦਾ ਮਤਲਬ ਹੀ ਹਿੱਸਾ ਹੈ।ਬੱਲਾਂ ਦਾ ਅਤੇ ਬਾਕੀ ਜੱਟ ਕਬੀਲਿਆਂ ਦਾ ਪ੍ਰਾਚੀਨ ਇੱਤਿਹਾਸ ਪਾਮੀਰ ਪਰਬਤ, ਮੱਧ ਏਸ਼ੀਆ ਦੇ ਮੈਦਾਨ, Caucasus Mountain ਅਤੇ ਮੈਸੋਪੋਟੇਮੀਆਂ ਦੇ ਇਲਾਕਿਆਂ ਨਾਲ ਜੁੜਿਆ ਹੈ।

## ਪ੍ਰਾਚੀਨ ਬੱਲ ਰਾਜੇ (Prehistoric Bal kings)

**ਰਾਜਾ ਪ੍ਰਲਾਦ**: ਬੱਲਾਂ ਦੇ ਪ੍ਰਾਚੀਨ ਰਾਜਿਆਂ ਵਿੱਚੋਂ ਪ੍ਰਲਾਦ ਦਾ ਨਾਮ ਸੱਭ ਤੋਂ ਜਿਆਦਾ ਮਸ਼ਹੂਰ ਹੈ। ਭਗਤ ਪ੍ਰਲਾਦ ਦੀ ਕਥਾ ਸੱਭ ਜਾਣਦੇ ਹਨ। ਕਥਾ ਅਤੇ ਇਤਿਹਾਸ ਵਿੱਚ ਬਹੁੱਤ ਵੱਡਾ ਫਰਕ ਹੈ। ਕਥਾ ਧਾਰਮਿਕ ਪ੍ਰੰਮਪਰਾ, ਸਮਾਜ ਸੁਧਾਰ ਅਤੇ ਪ੍ਰੱਭੂ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਲਿੱਖੀਆਂ ਅਤੇ ਸੁਣਾਈਆਂ ਜਾਂਦੀਆਂ ਹਨ। ਕਥਾ ਸੁਣਨ ਵਾਲੇ ਕਿੰਤੂ, ਪਰੰਤੂ ਨਹੀ ਕਰ ਸਕਦੇ। ਮਤਲਬ ਜੋ ਕਿਹਾ ਗਿਆ ਹੈ ਉਹੀ ਸੱਚ ਹੈ। ਸਵਾਲ ਲਈ ਕੋਈ ਜਗ੍ਹਾ ਨਹੀ, ਸਬੂਤ ਦੀ ਕੋਈ ਲੋੜ ਨਹੀ। ਪਰ ਇਤਿਹਾਸ ਦੀ ਸੱਚਾਈ ਜਾਨਣ ਲਈ ਸਵਾਲ ਕਰਨਾਂ ਅਤੇ ਸਬੂਤ ਮੰਗਣਾਂ ਜਰੂਰੀ ਹੈ। ਭਗਤ ਪ੍ਰਲਾਦ ਦੀ ਕਥਾ ਪਿੱਛੇ ਇੱਕ ਮਹਾਨ ਉਪਦੇਸ਼ ਹੈ, ਪ੍ਰਮਾਤਮਾਂ ਉੱਤੇ ਵਿੱਸ਼ਵਾਸ। ਪਰ ਅਸੀਂ ਏਥੇ ਇੱਸ ਕਥਾ ਵਿੱਚੋਂ ਇੱਤਿਹਾਸ ਲੱਭਣਾ ਹੈ ਇਸ ਲਈ ਸਵਾਲ ਕਰਨਾਂ ਜਰੂਰੀ ਹੈ।

ਇੱਸ ਗੱਲ ਦਾ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਜੱਟਾਂ ਦੇ ਇੱਤਿਹਾਸ ਨੂੰ ਦਕਸ਼ਨਾਂ ਦੇ ਭੁੱਖੇ ਪੁਰਾਣਿਕ ਲਿਖਾਰੀਆਂ ਨੇ ਤੋੜ ਮਰੋੜਕੇ ਮਿੱਥਿਹਾਸਕ ਕਥਾਂਵਾਂ ਬਣਾ ਦਿੱਤਾ। ਮਹਾਂਰਾਜਾ ਪ੍ਰਲਾਦ, ਉਸਦੇ ਪਿਤਾ ਅਤੇ ਪੁੱਤ ਪੋਤਰਿਆਂ ਦਾ ਇੱਤਿਹਾਸ ਇਸ ਗੱਲ ਦੀ ਪ੍ਰਮੁੱਖ ਮਿਸਾਲ ਹਨ। ਇਸ ਤੋੜ ਮਰੋੜ ਪਿੱਛੇ ਸਿਰਫ ਦਕਸ਼ਨਾਂ ਦਾ

ਲਾਲਚ ਹੀ ਨਹੀਂ ਇੱਕ ਹੋਰ ਗੱਲ ਵੀ ਸੀ ਅਤੇ ਉਹ ਸੀ ਧਰਮ ਦੀ ਦੁਸ਼ਮਣੀ। ਦੇਵ ਅਤੇ ਅਸੁਰ ਦੀ ਦੁਸ਼ਮਣੀ। ਦੇਵ ਕੌਣ ਸਨ? ਦੈਂਤ, ਦਾਨਵ ਅਤੇ ਅਸੁਰ ਕੌਣ ਸਨ? ਵਿਸ਼ਨੂ ਪੁਰਾਣ ਮੁਤਾਬਕ ਦਕਸ਼ਾ ਰਿਸ਼ੀ ਨੇ ਆਪਣੀਆਂ ਤਿੰਨ ਬੇਟੀਆਂ 'ਦਿੱਤੀ' 'ਅਦਿੱਤੀ' ਅਤੇ 'ਧੰਨੋਂ' ਦੀ ਸ਼ਾਦੀ ਰਿਸ਼ੀ ਕੱਸ਼ਪ ਨਾਲ ਕਰ ਦਿੱਤੀ ਸੀ। 'ਦਿੱਤੀ' ਦੀ ਔਲਾਦ 'ਦੈਂਤ' ਅਤੇ 'ਧੰਨੋਂ' ਦੀ ਔਲਾਦ 'ਦਾਨਵ' ਅਖਵਾਈ। ਬਾਦ ਵਿੱਚ ਇਹ ਆਪਣੇ ਆਪ ਨੂੰ 'ਅਸੁਰ' ਕਹਾਉਣ ਲੱਗ ਪਏ। 'ਅਦਿੱਤੀ' ਦੀ ਔਲਾਦ 'ਅਦਿੱਤਿਯਾ' ਸਨ ਜੋ ਆਪਣੇ ਆਪ ਨੂੰ 'ਦੇਵ' ਜਾਂ 'ਦੇਵਤਾ' ਕਹਾਉਣ ਲੱਗ ਪਏ।

ਇਸ ਤੋਂ ਇਹ ਸਾਬਤ ਹੁੰਦਾ ਹੈ ਕਿ 'ਦੇਵ' ਅਤੇ 'ਅਸੁਰ' ਇੱਕ ਹੀ ਪਿਤਾ ਦੇ ਵੱਖ ਵੱਖ ਮਾਂਵਾਂ ਤੋਂ ਜੰਮੇ ਪੁੱਤਰ ਸਨ। ਇਹ ਵੱਖ ਵੱਖ ਮਾਂਵਾਂ ਆਪਸ ਵਿੱਚ ਸੱਕੀਆਂ ਭੈਣਾਂ ਸਨ। ਮਤਰੇਏ ਭਰਾਵਾਂ ਵਾਲਾ ਸ਼ਰੀਕਾ ਅਤੇ ਵੱਖਰੇ ਧਰਮ ਹੀ ਇਹਨਾਂ ਦੀ ਆਪਸੀ ਦੁਸ਼ਮਣੀ ਦਾ ਵੱਡਾ ਕਾਰਣ ਸਨ। ਵੇਦ ਅਤੇ ਪੁਰਾਣ ਦੇਵਤਿਆਂ ਦੇ ਖੁਸ਼ਾਮਦੀ ਲਿਖਾਰੀਆਂ ਦੀ ਰੱਚਨਾਂ ਹਨ। ਇਹਨਾਂ ਵਿੱਚ ਅਸੁਰ ਨੂੰ ਭੰਡਿਆ ਅਤੇ ਦੇਵ ਨੂੰ ਸਲਾਹਿਆ ਗਿਆ ਹੈ। ਦੂਜੇ ਪਾਸੇ ਅਸੁਰਾਂ ਦੇ ਮਾਗੀ ਪੁਜਾਰੀਆ ਨੇ ਆਪਣੀਆਂ ਗਾਥਾਂ ਵਿੱਚ "ਦੇਵ ਰਾਜ ਝੂਠਿਆਂ ਦਾ ਰਾਜ" ਅਤੇ ਇੰਦਰ ਦੇਵਤਾ ਨੂੰ ਸ਼ੈਤਾਨ ਲਿਖਿਆ ਹੈ। ਇਹ ਅਸੁਰ ਲੋਕ, ਅਸੀਰੀਆ, ਆਜ਼ਰਬਜ਼ਾਨ, ਅਰਮੀਨੀਆ, ਉੱਤਰੀ ਇਰਾਨ ਅਤੇ ਤੁਰਕਿਸਤਾਨ ਦੇ ਇਲਾਕਿਆਂ ਵਿੱਚ ਵੱਸਦੇ ਸਨ। ਜ਼ੋਰੋਅਸਤਰ ਦੀ ਤੀਜੀ ਗਾਥਾ ਵਿੱਚ ਅਤੇ ਪਰਸ਼ੀਅਨ ਰਾਜੇ ਦਾਰੀਅਸ ਦੀ ਇਕ ਸ਼ਿਲਾਲਿਖਤ ਦਾ ਅੰਗਰੇਜ਼ੀ ਅਨੁਵਾਦ ਹੈ " I am a follower of Ahura(Asura), I worship the Ahura(Asura), I hate the Devas, I hate the Deva worshippers."

ਮੈਸੋਪੋਟੇਮੀਆਂ,ਖਾੜੀ ਫਾਰਸ ਤੋਂ ਲੱਗਕੇ ਅਸੀਰੀਆ ਤੱਕ ਅਸੁਰਾਂ ਦੇ ਕਬਜ਼ੇ ਵਿੱਚ ਸੀ। ਦੱਖਣ ਪੱਛਮੀ ਇਰਾਨ ਜਿਸਨੂੰ ਪ੍ਰਾਚੀਨ ਜਮਾਨੇ ਵਿੱਚ Ealm ਕਹਿੰਦੇ ਸਨ, ਅਤੇ ਅੱਜ ਦਾ ਅਫਗਾਨਿਸਤਾਨ ਦੇਵਾਂ ਦੇ ਕਬਜ਼ੇ ਵਿੱਚ ਸੀ। ਵੱਖਰਾ ਧਰਮ, ਵੱਖਰੇ ਸ਼ਹਿਰ ਅਤੇ ਇਕ ਦੂਜੇ ਦਾ ਇਲਾਕਾ ਹੜੱਪਣ ਲਈ ਇਹ ਦੇਵ ਅਤੇ ਅਸੁਰ ਭਰਾ ਇੱਕ ਦੂਜੇ ਦੇ ਨਾਲ ਅਤੇ ਆਪਸ ਵਿੱਚ ਵੀ ਯੁੱਧ ਕਰਦੇ ਰਹਿਦੇ ਸਨ। ਇਹ ਯੁੱਧ ਭਾਰਤੀ ਪੁਰਾਣਾਂ ਦੇ ਦੇਵ ਅਸੁਰ ਯੁੱਧ ਹਨ। Caspian Sea ਦਾ ਨਾਮ ਰਿਸ਼ੀ ਕੱਸ਼ਪ ਦੇ ਨਾਮ ਉੱਤੇ ਹੈ। ਰਿਸ਼ੀ ਕੱਸ਼ਪ ਅਤੇ ਦਿੱਤੀ ਦੇ ਦੋ ਜੁੜਵਾਂ ਪੁੱਤਰ ਸਨ। ਇੱਕ ਦਾ ਨਾਮ ਸੀ 'ਹਿਰਾਨਯਾਕੱਸ਼ਪ' ਅਤੇ ਦੂਜੇ ਦਾ ਨਾਮ ਸੀ 'ਹਰਨਾਕਸ਼'। ਦੋਹਾਂ ਦਾ ਕਾਤਲ ਵਿਸ਼ਨੂੰ ਹੈ।ਪੁਰਾਣਾਂ ਦੇ ਹਿਸਾਬ ਨਾਲ ਹਰਨਾਕਸ਼ ਧਰਤੀ ਨੂੰ ਖਿੱਚਕੇ ਸਮੁੰਦਰ ਥੱਲੇ ਲੈ ਗਿਆ ਅਤੇ ਵਿਸ਼ਨੂੰ ਨੇ ਜੰਗਲੀ ਸੂਰ ਦਾ ਰੂਪ ਧਾਰਨ ਕਰਕੇ ਉਹਨੂੰ ਮਾਰ ਦਿੱਤਾ। ਇਹ ਕਥਾ 'ਵਰਾਹ ਪੁਰਾਣ' ਵਿੱਚ ਲਿੱਖੀ ਹੈ। ਹਿਰਾਨਯਾਕੱਸ਼ਪ ਨੂੰ ਵਿਸ਼ਨੂੰ ਨੇ ਨਰਸਿੰਘਾ (Man-Lion) ਬਣਕੇ ਮਾਰਿਆ ਇਹ ਕਥਾ 'ਵਿਸ਼ਨੂੰ ਪੁਰਾਣ' ਵਿੱਚ ਹੈ। ਪ੍ਹਲਾਦ ਹਿਰਾਨਯਾਕੱਸ਼ਪ ਦਾ ਪੁੱਤਰ ਸੀ।

ਮਹਾਂਰਾਜੇ ਪ੍ਰਲਾਦ ਅਤੇ ਉੱਸਦੇ ਪਰੀਵਾਰ ਦਾ ਸੰਖੇਪ ਵੇਰਵਾ:




ਭਗਤ ਪ੍ਰਲਾਦ ਦੀ ਕਥਾ ਵਿਸ਼ਨੂੰ ਪੁਰਾਣ ਵਿੱਚ ਵਿਸਤਾਰ ਨਾਲ ਲਿਖੀ ਹੈ। ਏਥੇ ਸਿਰਫ ਸੰਖੇਪ ਵਰਨਣ ਦਿੱਤਾ ਗਿਆ ਹੈ। ਹਿਰਾਨਯਾਕੱਸ਼ਪ ਅਸੁਰਾਂ ਦਾ ਰਾਜਾ ਸੀ। ਉਹਦਾ ਭਰਾ ਹਰਨਾਕਸ਼ ਦੇਵਤਿਆਂ ਨੂੰ ਬਹੁੱਤ ਤੰਗ ਕਰਦਾ ਸੀ ਅਤੇ ਜਦੋਂ ਹਰਨਾਕਸ਼ ਧਰਤੀ ਨੂੰ ਸਮੁੰਦਰ ਥੱਲੇ ਖਿੱਚਕੇ ਲੈ ਗਿਆ ਤਾਂ ਵਿਸ਼ਨੂੰ ਨੇ ਉਹਨੂੰ ਮਾਰਕੇ ਧਰਤੀ ਨੂੰ ਅਜ਼ਾਦ ਕਰਾਇਆ। ਹਿਰਾਨਯਾਕੱਸ਼ਪ ਆਪਣੇ ਭਰਾ ਦੇ ਖ਼ੂਨ ਦਾ ਬਦਲਾ ਲੈਣਾ ਚਾਹੁੰਦਾ ਸੀ। ਵਿਸ਼ਨੂੰ ਦੇ ਬਰਾਬਰ ਸ਼ਕਤੀ ਹਾਸਲ ਕਰਨ ਲਈ ਉਹ ਭਗਤੀ ਕਰਨ ਲਈ ਜੰਗਲਾਂ ਵਿੱਚ ਚਲਾ ਗਿਆ। ਉਹਦੀ ਗੈਰਹਾਜਰੀ ਵਿੱਚ ਦੇਵਤਿਆਂ ਨੇ ਉਹਦੀ ਰਾਜਧਾਨੀ ਨੂੰ ਤਬਾਹ ਕਰ ਦਿੱਤਾ ਅਤੇ ਉਹਦੀ ਗਰਭਵਤੀ ਰਾਣੀ ਨੂੰ ਚੁੱਕ ਕੇ ਨਾਰਦ ਮੁਨੀ ਦੇ ਆਸ਼ਰਮ ਵਿੱਚ ਲੈ ਗਏ। ਨਾਰਦ ਮੁਨੀ ਨੇ ਰਾਣੀ ਨੂੰ ਵਿਸ਼ਨੂੰ ਦੀ ਉਸਤੱਤ ਦੇ ਕਿਸੇ ਸੁਣਾਏ ਜਿਹਨਾਂ ਦਾ ਗਹਿਰਾ ਅਸਰ ਗਰਭ ਵਿੱਚ ਪਏ ਬੱਚੇ ਉੱਤੇ ਵੀ ਹੋਇਆ।

ਹਿਰਾਨਯਾਕੱਸ਼ਪ ਨੇ ਆਪਣੀ ਭਗਤੀ ਨਾਲ ਇਹ ਵਰਦਾਨ ਪ੍ਰਾਪਤ ਕੀਤਾ ਕਿ, ਉਹਨੂੰ ਤਿੰਨਾਂ ਲੋਕਾਂ ਦੀ ਬਾਦਸ਼ਾਹੀ ਮਿਲੇ। ਉਹਨੂੰ ਨਾਂ ਤਾਂ ਬੰਦਾ ਮਾਰ ਸਕੇ ਅਤੇ ਨਾਂ ਹੀ ਜਾਨਵਰ। ਨਾਂ ਉਹਦੀ ਮੌਤ ਹਥਿਆਰ ਨਾਲ ਹੋਵੇ ਅਤੇ ਨਾਂ ਹੀ ਬਿਨਾਂ ਹਥਿਆਰ ਦੇ ਹੋਵੇ। ਨਾਂ ਦਿਨੇ ਹੋਵੇ ਨਾਂ ਰਾਤ ਹੋਵੇ। ਨਾਂ ਅੰਦਰ ਹੋਵੇ ਨਾਂ ਬਾਹਰ ਹੋਵੇ। ਨਾਂ ਜਮੀਨ ਉੱਤੇ ਹੋਵੇ ਨਾਂ ਅਸਮਾਨ ਵਿੱਚ ਹੋਵੇ। ਹਿਰਾਨਯਾਕੱਸ਼ਪ ਅਸੁਰ ਇਸ਼ਟਾਂ (ਸ਼ਿਵਾ,ਬੱਲ, ਅੱਨੂ, ਇਨਾਨਾ) ਆਦਿਕ ਦਾ ਭਗਤ ਸੀ। ਪ੍ਰਲਾਦ ਨਾਰਦ ਮੁਨੀ ਤੋਂ ਲਈ ਸਿੱਖਿਆ ਮੁਤਾਬਕ ਵਿਸ਼ਨੂੰ ਨੂੰ ਸਰਵਸ਼ਕਤੀਮਾਨ ਅਤੇ ਸਰਵਵਿਆਪਕ ਕਹਿੰਦਾ ਸੀ। ਪਿਤਾ ਅਤੇ ਬਾਲਕ ਦਾ ਇਹ ਝਗੜਾ ਏਨਾਂ ਵੱਧ ਗਿਆ ਕਿ ਪਿਤਾ ਨੇ ਪੁੱਤਰ ਨੂੰ ਜਾਨੋਂ ਮਾਰ ਦੇਣ ਦਾ ਹੁਕਮ ਦੇ ਦਿੱਤਾ। ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਜੱਲਾਦ ਪ੍ਰਲਾਦ ਨੂੰ ਮਾਰ ਨਾਂ ਸਕੇ। ਇੱਕ ਦਿਨ ਪ੍ਰਲਾਦ ਨੂੰ ਤੱਤੇ ਥੰਮ ਨਾਲ ਬੰਨਕੇ ਮਾਰਨ ਦਾ ਹੁਕਮ ਦਿੱਤਾ ਗਿਆ। ਪ੍ਰਲਾਦ ਨੂੰ ਬਚਾਉਣ ਲਈ ਉਸੇ ਥੰਮ ਵਿੱਚੋਂ ਵਿਸ਼ਨੂੰ ਨਰਸਿੰਘਾ (ਅੱਧਾ ਸ਼ੇਰ ਅੱਧਾ ਆਦਮੀ) ਦਾ ਰੂਪ ਧਾਰਕੇ ਨਿਕਲਿਆ ਅਤੇ ਸੰਧਿਆ ਵੇਲੇ (ਨਾਂ ਦਿਨ ਨਾਂ ਰਾਤ) ਹਿਰਾਨਯਾਕੱਸ਼ਪ ਨੂੰ ਆਪਣੀ ਗੋਦ ਵਿੱਚ (ਨਾਂ ਜਮੀਨ ਨਾਂ ਅਸਮਾਨ) ਲੈਕੇ ਮਾਰ ਦਿੱਤਾ।

ਮਹਾਤਮਾਂ ਜੋਤੀ ਰਾਓ ਫੂਲੇ ਅਤੇ Dr. K. Jamnadas ਅਨੁਸਾਰ ਪ੍ਰਲਾਦ ਦੀ ਕਥਾ ਦਾ ਇੱਤਿਹਾਸਕ ਪੱਖ ਕੁਝ ਇਸਤਰਾਂ ਹੈ: "Narsingha was greedy double-dealing, treacherous, cunning, dangerous, cruel and heartless. He began to plot the murder of Hiranyakashyap. He was convinced that unless he was murdered he would not be able to obtain his kingdom…. On revealing himself from the pillar as a divine incarnation to Hiranyakashyap, he (Vishnu) should have convinced him of his divine origin (i.e. being the Adinarayan) and should have tried to reconcile father and son unto each other. Instead, he murdered him in cold blood". ("Slavery" "In the civilized British Government under the cloack of Brahmanism") (Exposed by Jotirao Govindrao Phule Edited by Dr. K. Jamanadas F.R.C.S.(Ed.) translated by Prof. P.G. Patil M.A. B.A. (London), Bar at- Law Ex- Vice Chancellor, Shivaji University, Kolhapur).

ਭਗਤ ਪ੍ਰਲਾਦ ਦੀ ਕਥਾ ਦੇ ਇੱਤਿਹਾਸਕ ਪੱਖ ਬਾਬਤ ਪ੍ਰਦੀਪ ਭੱਟਾਚਾਰੀਆ ਆਪਣਾ ਖਿਆਲ ਇਸਤਰਾਂ ਲਿਖਦਾ ਹੈ: " The most interesting interpretation we can find is from the story about the Narasimha (man-lion) avatar. The Caspii tribe inhabited the shores of the Caspian Sea (named after our Kashyap rishi). Their king was Hiranyakashipu, His brother, Hiranyaksha, ruled Babylonia. The two of them defeated the Devas and established the worship of Ashur (Asura) whence the Assyrian people. After the death of Hiranyaksha, (possibly at the hands of the boar worshipping people of Norway who had helped Varuna reclaim Elam after the floods) Babylonia was conquered by Nrig, a son of Vaivasvat Manu, known also as Narsiman and featured as the winged lion with a man's face on the Assyrian ruins. It was Nrig who came to the rescue of Prahlad, a friend of the Devas, and slew Hiranyakashipu" (Pardip Bhattacharya)

ਅਸੀਰੀਆ ਅਤੇ ਬੈਬਲਾਨ ਦੇ ਇਲਾਕੇ ਦੀ ਖੋਦਾਈ ਵਿੱਚ ਸ਼ੇਰ ਦਾ ਧੜ ਅਤੇ ਆਦਮੀ ਦੇ ਮੂੰਹ ਵਾਲੇ ਬਹੁਤ ਬੁੱਤ ਮਿਲੇ ਹਨ। ਇਸ ਤਰਾਂ ਦੇ ਬੁੱਤ Sphynx ਮਿਸਰ ਵਿੱਚ ਵੀ ਮਿਲਦੇ ਹਨ। ਭਗਤ ਪ੍ਰਲਾਦ ਦੀ ਕਥਾ ਦਾ ਇੱਤਿਹਾਸਕ ਪੱਖ ਵੇਖਣ ਲਈ ਸੁਮੇਰ, ਅਕੱੜ, ਬੈਬਲਾਨ ਅਤੇ ਅਸੀਰੀਆ ਦੇ ਇਲਾਕਿਆਂ ਦਾ ਪ੍ਰਾਚੀਨ ਇੱਤਿਹਾਸ ਜਾਨਣਾਂ ਜਰੂਰੀ ਹੈ ਕਿਉਂਕਿ ਭਗਤ ਪ੍ਰਲਾਦ ਅਤੇ ਉਸਦੇ ਬਜ਼ੁਰਗ ਇਹਨਾਂ ਇਲਾਕਿਆਂ ਦੇ ਰਹਿਣ ਵਾਲੇ ਸਨ। ਬੈਬਲਾਨ ਦਾ ਅਸਲੀ ਨਾਮ ਬੈਬਲ ਹੈ। ਪ੍ਰਾਚੀਨ ਦੁਨੀਆਂ ਦੇ ਸੱਤ ਅਜ਼ੂਬਿਆਂ ਵਿਚੋਂ ਦੋ ਅਜ਼ੂਬੇ Towers of Bable ਅਤੇ Hanginging Gardens ਏਸੇ ਸ਼ਹਿਰ ਵਿੱਚ ਸਨ।

ਯੂਨਾਨੀ ਭਾਸ਼ਾ ਵਿਚ Mesopotamia ਦਾ ਮਤਲਬ ਹੈ 'ਦੋ ਦਰਿਆਂਵਾਂ ਦੇ ਵਿਚ'। Tigress ਅਤੇ Euphrates ਦਰਿਆਂਵਾਂ ਦੀ ਦੋਆਬ ਅਰਮੀਨੀਆਂ ਤੋਂ ਖਾੜੀ ਫਾਰਸ ਤੱਕ ਨੂੰ ਮੈਸੋਪੋਟੇਮੀਆਂ ਕਿਹਾ ਜਾਂਦਾ ਸੀ। ਸੁਮੇਰ (Pamir) ਪਰਬਤ ਜੱਟਾਂ ਦਾ ਪ੍ਰਾਚੀਨ ਘਰ ਹੈ। ਇਹਨਾਂ ਜੱਟਾਂ ਨੇ ਹੀ ਮੈਸੋਪੋਟੇਮੀਆਂ ਦੇ ਦੱਖਣੀ ਭਾਗ ਵਿੱਚ ਜੋ ਖਾੜੀ ਫਾਰਸ ਨਾਲ ਲੱਗਦਾ ਹੈ ਪ੍ਰਾਚੀਨ Sumerian (3500-2800 B.C.E) ਸਭਿਅਤਾ ਵਸਾਈ।
"….They were a highland people , probably from the plateau of central Asia, since Sumerian culture shows some striking resemblances to that of the earliest civilization of India" (History of Ancient Civilizations by Prof. A. A. Trever)

ਦੁਨੀਆਂ ਦਾ ਸੱਭ ਤੋਂ ਪੁਰਾਣਾ ਸ਼ਹਿਰ ਉਰ (Ur) ਹੈ। ਏਥੇ ਬੱਲ (Baal) ਅੱਨੂ ਅਤੇ ਇਨਾਨਾ ਦੇ ਮੰਦਰਾਂ ਦੇ ਖੰਡਰ ਲੱਭੇ ਹਨ। ਮੈਸੋਪੋਟੇਮੀਆਂ ਦੀ Inana ਹੀ ਸ਼ਿਵਾਲਕ ਦੀਆਂ ਪਹਾੜੀਆਂ ਵਾਲੀ ਨੈਣਾਂ ਦੇਵੀ ਹੈ। ਸਿੱਖ ਧਰਮ ਤੋਂ ਪਹਿਲਾਂ ਪੰਜਾਬੀ ਜੱਟ ਨੈਣਾਂ ਦੇਵੀ ਦੀ ਹੀ ਪੂਜਾ ਕਰਦੇ ਸਨ। ਆਰੀਆ ਦੇ ਅੱਨੂ ਕਬੀਲੇ ਨਾਲ ਸਬੰਧਤ ਬੱਲਾਂ ਦੇ ਇਤਿਹਾਸ ਦੀਆਂ ਜੜਾਂ ਮੈਸੋਪੋਟੇਮੀਆਂ ਦੇ ਸੁਮੇਰ, ਬੈਬਲਾਨ ਅਤੇ ਅਸੀਰੀਆ ਦੇ ਇਲਾਕੇ

ਵਿੱਚ ਹੀ ਹਨ। ਸੁਮੇਰਾਂ ਦੇ ਕਈ ਸ਼ਹਿਰ ਸਨ ਜੋ ਇੱਕ ਦੂਜੇ ਨੂੰ ਦਬਾਉਣ ਲਈ ਆਪਸ ਵਿੱਚ ਜੰਗ ਲੜਦੇ ਰਹਿੰਦੇ ਸਨ। Akkad ਸ਼ਹਿਰ ਦੇ ਰਾਜੇ Sargon (ਸ਼ਾਰੂਕਿਨ) ਨੇ ਇਹ ਇਲਾਕਾ ਜਿੱਤਕੇ Akkadian ਸਭਿਅਤਾ ਦੀ ਸਿਰਜਣਾਂ ਕੀਤੀ। ਸਾਰਗਾਨ ਤੋਂ ਬਾਦ 2254 B.C.E ਵਿੱਚ ਭਗਤ ਪ੍ਰਲਾਦ ਦੇ ਪਿਤਾ ਨੂੰ ਮਾਰਨ ਵਾਲਾ Nar-Sin (ਨਰ–ਸਿੰਘਾ) ਰਾਜਾ ਬਣਿਆ। Akkadian ਇਤਿਹਾਸ ਵਿੱਚ ਇੱਸ ਗੱਲ ਦਾ ਜ਼ਿਕਰ ਹੈ ਕਿ Nar-Sin ਨੇ Tigris ਦਰਿਆ ਦੇ ਉਤਰੀ ਹਿੱਸੇ (ਅਸੀਰੀਆ) ਦੇ ਇੱਕ ਰਾਜੇ ਨੂੰ ਕਤਲ ਕੀਤਾ।

ਸਵਾਲ ਉਠਦਾ ਹੈ ਕਿ "ਇਹ ਮੈਸੋਪੋਟੇਮੀਆਂ ਦੀਆਂ ਕਥਾਵਾਂ ਭਾਰਤੀ ਪੁਰਾਣਾਂ ਵਿੱਚ ਕਿਵੇਂ ਪਹੁੰਚ ਗਈਆਂ? ਮੰਨੂ ਵਾਲੇ ਮਹਾਨ ਹੱੜ੍ਹ ਅਤੇ ਭਗਤ ਪ੍ਰਲਾਦ ਵਾਲੀਆਂ ਕਥਾ ਕਹਾਣੀਆਂ ਮੈਸੋਪੋਟੇਮੀਆਂ ਦੇ ਇਲਾਕੇ ਵਿੱਚ ਹੀ ਵਾਪਰੀਆਂ ਸਨ। ਆਰੀਆ/ਜੱਟ ਕਬੀਲੇ ਇਹਨਾਂ ਕਥਾ ਕਹਾਣੀਆਂ ਤੋਂ ਵਾਕਫ ਸਨ। ਉਹ ਜਿਥੇ ਵੀ ਗਏ ਆਪਣੇ ਬਜ਼ੁਰਗਾਂ ਦੀਆਂ ਕਥਾ ਕਹਾਣੀਆਂ ਅਤੇ ਦੇਵੀ ਦੇਵਤੇ ਵੀ ਆਪਣੇ ਨਾਲ ਹੀ ਲੈ ਗਏ। ਇਸਤਰਾਂ ਮੈਸੋਪੋਟੇਮੀਆਂ ਦੀ 'ਇਨਾਨਾ' ਪੰਜਾਬ ਦੀ ਨੈਣਾਂ ਦੇਵੀ ਬਣੀ। ਸਮੇ, ਭਾਸ਼ਾ, ਧਰਮ ਅਤੇ ਰਸਮੋ ਰਿਵਾਜ ਦੇ ਪ੍ਰਭਾਵ ਹੇਠ ਇਹਨਾਂ ਕਥਾਂਵਾਂ ਦੇ ਪਾਤਰਾਂ ਦੇ ਨਾਮ ਅਤੇ ਕੰਮਾਂ ਵਿੱਚ ਕੁਝ ਤਬਦੀਲੀਆਂ ਆ ਗਈਆਂ। ਪ੍ਰਾਚੀਨ ਮਹਾਨ ਹੱੜ ਵਾਲੀ ਕਥਾ ਬੈਬਲਾਨ ਤੋਂ ਸ਼ੁਰੂ ਹੋਈ। ਹੀਬਰੂ ਲੋਕਾਂ ਨੇ ਇਹ ਕਹਾਣੀ ਮਿਸਰ ਵਿੱਚ ਗਏ ਆਰੀਆ ਤੋਂ ਸੁਣੀ। ਮਿਸਰ ਵਿੱਚ ਆਰੀਆ ਨੂੰ Hykosus ਕਿਹਾ ਜਾਂਦਾਂ ਸੀ। ਹੀਬਰੂ ਧਰਮ ਦੇ ਪ੍ਰਭਾਹ ਹੇਠ ਏਹੀ ਕਹਾਣੀ ਨੋਵਾ ਅਤੇ ਉਸਦੀ ਬੇੜੀ ਵਾਲੀ ਕਹਾਣੀ ਬਣ ਗਈ। ਭਾਰਤ ਪਹੁੰਚੇ ਆਰੀਆ ਨੇ ਬ੍ਰਾਹਮਣ ਧਰਮ ਸ਼ੁਰੂ ਕਰਨ ਤੋਂ ਬਾਦ ਏਸੇ ਕਥਾ ਨੂੰ ਮੱਤਸੋਆ ਪੁਰਾਣ ਵਿੱਚ ਮੱਨੂੰ ਅਤੇ ਉਹਦੀ ਭਵਿਖ ਬਾਣੀ ਕਰਨ ਵਾਲੀ ਮੱਛੀ ਦੀ ਕਥਾ ਬਣਾ ਦਿੱਤਾ। ਏਸੇ ਤਰਾਂ ਹੀ ਭਗਤ ਪ੍ਰਲਾਦ ਦੀ ਕਥਾ ਬੈਬਲਾਨ ਦੇ ਇਲਾਕੇ ਵਿੱਚ ਵਾਪਰੀ ਅਤੇ ਹਜ਼ਾਰਾਂ ਸਾਲ ਬਾਦ ਬ੍ਰਾਹਮਣ ਪ੍ਰਭਾਵ ਹੇਠ ਭਾਰਤੀ ਪੁਰਾਣਾ ਵਿੱਚ ਲਿਖੀ ਗਈ। ਭਾਰਤੀ ਪੁਰਾਣ 400 C.E ਤੋਂ ਬਾਦ ਵਿੱਚ ਲਿਖੇ ਗਏ। ਭਗਤ ਪ੍ਰਲਾਦ ਦੇ ਬਜ਼ੁਰਗ ਅਤੇ ਉਸ ਦੇ ਪੁੱਤ ਪੋਤਰੇ ਭਾਰਤੀ ਪੁਰਾਣਾਂ ਦੇ ਲਿਖੇ ਜਾਣ ਤੋਂ ਹਜ਼ਾਰਾਂ ਸਾਲ ਪਹਿਲਾਂ ਹੋਏ ਹਨ।

ਸਮੇ ਸਮੇ ਕਈ ਹੋਰ ਜੱਟ ਕਬੀਲੇ ਮੈਸੋਪੋਟੇਮੀਆਂ ਦੇ ਇਲਾਕੇ ਉੱਤੇ ਹਾਵੀ ਹੋਏ ਜਿਵੇਂ ਕਿ Guti ਅਤੇ Amuru। ਇਹ Guti ਉਹੀ ਜੱਟ ਹਨ ਜਿਹਨਾਂ ਨੂੰ ਚੀਨ ਵਾਲਿਆਂ ਨੇ Yueh-Chi ਕਿਹਾ ਅਤੇ ਜਿਹਨਾਂ ਨੇ ਭਾਰਤ ਵਿੱਚ ਕੁਸ਼ਨ ਬੰਸ ਦੀ ਨੀਂਹ ਰੱਖੀ। ਯਾਦ ਰਹੇ ਕਿ 'Jat' ਇਕ ਬਹੁੱਤ ਹੀ ਪ੍ਰਾਚੀਨ ਨਾਮ ਹੈ। ਯੂਨਾਨੀ ਇੱਤਿਹਾਸਕਾਰਾਂ ਨੇ 'J' ਨੂੰ 'G' ਵਿੱਚ ਬਦਲਕੇ ਜੱਟ ਨੂੰ Guti, Getae, Goth ਆਦਿਕ ਲਿਖਿਆ ਹੈ। Babylon ਸ਼ਹਿਰ ਦੇ Amuru ਜੱਟਾਂ ਦੀ ਜਿੱਤ ਹੋਈ ਤਾਂ ਏਹੀ ਲੋਕ ਆਪਣੇ ਆਪ ਨੂੰ Babylonian ਕਹਾਉਣ ਲੱਗ ਪਏ। ਬੈਬਲਾਨ ਦਾ ਮਸ਼ਹੂਰ ਰਾਜਾ ਹਮੂਰਾਬੀ ਸੀ। Amuru ਉਹੀ ਜੱਟ ਹਨ ਜੋ ਭਾਰਤ ਵਿੱਚ ਮੌਰੀਆ ਅਖਵਾਏ। ਏਸੇ ਤਰਾਂ ਹੀ ਉੱਤਰੀ ਮੈਸੋਪੋਟੇਮੀਆ ਦੇ ਸ਼ਹਿਰ ਅਸੁਰ ਦੀ ਜਿੱਤ ਨਾਲ ਅਸੀਰੀਆ ਦੇ ਮਹਾਨ ਰਾਜ ਦੀ ਸਥਾਪਨਾ ਹੋਈ। Asurbanipal (668-627B.C.E) ਅਸੀਰੀਆ ਦਾ ਮਸ਼ਹੂਰ ਰਾਜਾ ਹੋਇਆ। ਯਾਦ ਰਹੇ ਕਿ ਭਗਤ ਪ੍ਰਲਾਦ ਦੇ ਪੜਪੋਤੇ ਦਾ ਨਾਮ ਬੱਲਅਸੁਰਾ ਸੀ ਅਤੇ ਕਈ ਥਾਂਈਂ ਉਹਨੂੰ ਬੱਨਅਸੁਰਾ ਵੀ ਲਿਖਿਆ ਗਿਆ ਹੈ।
AsurBan = BanAsur = BalAsur

ਭਾਰਤੀ ਪੁਰਾਣਾਂ ਦੀਆਂ ਕਥਾਵਾਂ ਵਿੱਚ ਦਕਸ਼ਨਾਂ ਭੁੱਖੇ ਪੰਡਤਾਂ ਨੇ ਆਪਣੇ (ਦੇਵ) ਬਜ਼ੁਰਗਾਂ ਦੀਆਂ ਜਾਇਜ ਨਾਜਾਇਜ ਕਰਤੂਤਾਂ ਨੂੰ ਵਿਸ਼ਨੂੰ ਮਹਿਮਾਂ ਪਿੱਛੇ ਲਕੋਣ ਦੀ ਕੋਸ਼ਿਸ਼ ਕੀਤੀ ਹੈ। ਭਗਤ ਪ੍ਰਲਾਦ, ਮਹਾਤਮਾ ਬੁੱਧ ਅਤੇ ਧੰਨਾਂ ਭਗਤ ਦੀਆਂ ਕਥਾਵਾਂ ਇਸ ਗੱਲ ਦੀਆਂ ਮੂੰਹੋਂ ਬੋਲਦੀਆਂ ਮਿਸਾਲਾਂ ਹਨ। ਬੁੱਧ ਧਰਮ ਨੂੰ ਦਬਾਉਣ ਲਈ ਇਹਨਾਂ ਪ੍ਰਾਚੀਨ ਪੰਡਤਾਂ ਨੇ ਕੀ ਕੀ ਨਹੀ ਕੀਤਾ। ਇਹਨਾਂ ਦੇ ਪ੍ਰਭਾਵ ਹੇਠ ਆਏ ਰਾਜਿਆਂ ਨੇ ਹਜ਼ਾਰਾਂ

ਨਹੀ ਲੱਖਾਂ ਬੋਧੀ ਭਿੱਕਸ਼ੂ ਕਤਲ ਕੀਤੇ। ਬੋਧੀਆਂ ਦੇ ਮੱਠ ਢਾਹ ਕੇ ਉਹਨਾਂ ਦੀਆਂ ਜਨਾਨੀਆਂ ਨੂੰ 'ਦੇਵ ਦਾਸੀ' ਅਤੇ 'ਨਗਰ ਵਧੂ' ਜਿਹੇ ਨਾਮ ਦੇਕੇ ਵੇਸਵਾ ਬਣਾਇਆ ਗਿਆ। ਅਖੀਰ ਜੱਦ ਬੁੱਧ ਧਰਮ ਚੀਨ, ਜਪਾਨ ਅਤੇ ਹੋਰ ਏਸ਼ੀਆਈ ਮੁੱਲਕਾਂ ਵਿੱਚ ਵੱਧਣ ਫੁੱਲਣ ਲੱਗਾ ਤਾਂ ਪੰਡਤਾਂ ਨੂੰ ਇਹ ਯਕੀਨ ਹੋ ਗਿਆ ਕਿ ਹੁਣ ਬੁੱਧ ਧਰਮ ਖਤਮ ਨਹੀ ਕੀਤਾ ਜਾ ਸਕਦਾ। ਕਲਮ ਪੰਡਤਾਂ ਦੇ ਹੱਥ ਸੀ। ਇੱਕ ਪੁਰਾਣ ਹੋਰ ਲਿੱਖ ਦਿੱਤਾ ਕਿ ਮਹਾਤਮਾਂ ਬੁੱਧ ਵੀ ਵਿਸ਼ਨੂੰ ਅਵਤਾਰ ਸੀ। ਕੋਈ ਅਚੰਭੇ ਦੀ ਗੱਲ ਨਹੀ ਹੋਵੇਗੀ ਜੇ ਕੱਲ ਨੂੰ ਗੁਰੂ ਨਾਨਕ, ਮੁਹੰਮਦ ਅਤੇ ਜੀਸਸ ਨੂੰ ਵੀ ਵਿਸ਼ਨੂੰ ਅਵਤਾਰ ਬਣਾ ਦਿੱਤਾ ਜਾਵੇ।

ਇਹਨਾਂ ਦਕਸ਼ਨਾਂ ਦੇ ਭੁੱਖੇ ਪੰਡਤਾਂ ਦੀਆਂ ਡੂੰਗੀਆਂ ਅਤੇ ਖਤਰਨਾਕ ਚਾਲਾਂ ਦੀ ਇੱਕ ਹੋਰ ਮਿਸਾਲ ਹੈ ਜੱਟ ਧੰਨੇ ਭਗਤ ਦੀ ਕਥਾ। ਧੰਨਾਂ ਭਗਤ ਦਾ ਜਨਮ 1415 C.E ਰਾਜਸਥਾਨ ਦੇ ਇੱਕ ਧਾਲੀਵਾਲ ਜੱਟ ਪ੍ਰੀਵਾਰ ਵਿੱਚ ਹੋਇਆ। ਧੰਨਾਂ ਜੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਹਨ। ਜਨਮ ਸਾਖੀਆਂ ਜਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਧੰਨੇ ਭਗਤ ਦਾ ਕੋਈ ਜ਼ਿਕਰ ਨਹੀ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੇ ਵੇਲੇ ਤਕ ਧੰਨੇ ਭਗਤ ਦੀ ਪੱਥਰ ਪੂਜਣ ਵਾਲੀ ਪੰਡਤਾਂ ਦੀ ਮਨਘੱੜਤ ਕਹਾਣੀ ਅਜੇ ਆਮ ਪ੍ਰਚੱਲਤ ਨਹੀ ਸੀ ਹੋਈ। ਇਸ ਕਹਾਣੀ ਮੁਤਾਬਕ ਧੰਨਾ ਜੀ ਨੂੰ ਪੰਡਤ ਨੇ ਇੱਕ ਪੱਥਰ ਦੇ ਕੇ ਕਿਹਾ ਕਿ ਇਹਦੇ ਵਿੱਚ ਭਗਵਾਨ ਹੈ। ਧੰਨਾਂ ਜੀ ਨੇ ਯਕੀਨ ਨਾਲ ਉਸ ਪੱਥਰ ਦੀ ਪੂਜਾ ਕੀਤੀ ਅਤੇ ਭਗਵਾਨ ਸੱਚਮੁੱਚ ਉਸ ਪੱਥਰ ਵਿਚੋਂ ਪ੍ਰਗਟ ਹੋਏ। ਧੰਨਾਂ ਜੀ ਦੀ ਬਾਣੀ ਗੁਰੂ ਗਰੰਥ ਸਾਹਿਬ ਵਿੱਚ ਦਰਜ਼ ਹੈ। ਇਸ ਵਿੱਚ ਪੱਥਰ ਪੂਜਾ ਦਾ ਕੋਈ ਜ਼ਿਕਰ ਨਹੀ ਹੈ। ਧੰਨਾਂ ਜੀ ਲਿਖਦੇ ਨੇ

" *ਜੋਤਿ ਸਮਾਇ ਸਮਾਨੀ ਜਾ ਕੈ, ਅਛਲੀ ਪ੍ਰਭੁ ਪਹਿਚਾਨਿਆ॥ ਧੰਨੈ ਧਨੁ ਪਾਇਆ ਧਰਣੀਧਰ, ਮਿਲਿ ਜਨ ਸੰਤ ਸਮਾਨਿਆ॥ ੪॥ ੧ ॥ { ਪੰਨਾ ੪੮੭ }*

ਪਰੋਫੈਸਰ ਸਾਹਿਬ ਇਸ ਸ਼ਬਦ ਦੇ ਇਹ ਅਰਥ ਕਰਦੇ ਹਨ " ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਸਰਬ-ਵਿਆਪਕ ਜੋਤਿ ਟਿਕ ਗਈ, ਉਸ ਨੇ ਮਾਇਆ ਵਿਚ ਨਾਹ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ। ਮੈਂ ਧੰਨੇ ਨੇ ਭੀ ਉਸ ਪ੍ਰਭੂ ਦਾ ਨਾਮ-ਰੂਪ ਧਨ ਲੱਭ ਲਿਆ ਹੈ ਜੋ ਸਾਰੀ ਧਰਤੀ ਦਾ ਆਸਰਾ ਹੈ; ਮੈਂ ਧੰਨਾ ਭੀ ਸੰਤ ਜਨਾਂ ਨੂੰ ਮਿਲ ਕੇ ਪ੍ਰਭੂ ਵਿਚ ਲੀਨ ਹੋ ਗਿਆ ਹਾਂ"

ਗੁਰੂ ਅਰਜਨ ਦੇਵ ਜੀ ਦੇ ਵੇਲੇ ਤੱਕ ਧੰਨਾਂ ਜੀ ਦੀ ਪੱਥਰ ਪੂਜਾ ਵਾਲੀ ਮਨਘੜਤ ਕਹਾਣੀ ਆਮ ਪ੍ਰਚੱਲਤ ਹੋ ਚੁੱਕੀ ਸੀ। ਏਸੇ ਭਰਮ ਨੂੰ ਕੱਢਣ ਲਈ ਗੁਰੂ ਜੀ ਨੇ ਧੰਨੇ ਭਗਤ ਦੀ ਬਾਣੀ ਵਾਲੇ ਪੰਨੇ ਉੱਤੇ ਇਕ ਆਪਣਾ ਸਲੋਕ ਲਿਖਿਆ ਹੈ:

*ਮਹਲਾ ੫॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ, ਨਾਮਦੇਉ ਮਨੁ ਲੀਣਾ॥ ਆਢ ਦਾਮ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥ ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ ਨੀਚਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ॥ ੧ ॥ ਰਵਿਦਾਸੁ ਢੁਵੰਤਾ ਢੋਰ ਨੀਤਿ, ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧ ਸੰਗਿ, ਹਰਿ ਦਰਸਨੁ ਪਾਇਆ॥੨॥ ਸੈਨੁ ਨਾਈ ਬੁਤਕਾਰੀਆ, ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ, ਭਗਤਾ ਮਹਿ ਗਨਿਆ॥੩॥ ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡ ਭਾਗਾ॥੪॥੨॥{ਪੰਨਾ ੪੮੭}*

ਇਸ ਤੋਂ ਇਹ ਸਾਫ ਜਾਹਰ ਹੈ ਕਿ ਧੰਨਾ ਜੀ ਦੂਜੇ ਭਗਤਾਂ ਤੋਂ ਪ੍ਰਭਾਵਤ ਹੋਕੇ ਪ੍ਰਭੂ ਪ੍ਰਾਪਤੀ ਲਈ ਭਗਤੀ ਵਿੱਚ ਲੀਨ ਹੋ ਗਏ।ਭਗਤ ਪ੍ਰਲਾਦ ਦੀ ਕਥਾ ਵਾਂਗ ਧੰਨਾਂ ਜੀ ਦੀ ਪੱਥਰ ਪੂਜਾ ਵਾਲੀ ਕਥਾ ਵਿੱਚ ਇੱਕ ਉਪਦੇਸ਼ ਤਾਂ ਹੈ ਪਰ ਇਸ ਉਪਦੇਸ਼ ਪਿੱਛੇ ਲੁੱਕੀ ਇਕ ਖਤਰਨਾਕ ਚਾਲ ਹੈ। ਉਹ ਚਾਲ ਕੀ ਹੈ? ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਨੇ " ਜੇ ਧੰਨੇ ਭਗਤ ਨੇ ਪੱਥਰ ਪੂਜ ਕੇ ਰੱਬ ਲੱਭਾ ਹੁੰਦਾ, ਤਾਂ ਇਸ ਦਾ ਭਾਵ ਇਹ ਨਿਕਲਦਾ ਕਿ ਪੱਥਰ ਪੂਜ ਕੇ ਰੱਬ ਨੂੰ ਮਿਲਣ ਵਾਲੇ ਦੀ ਬਾਣੀ ਦਰਜ ਕਰ ਕੇ ਗੁਰੂ ਅਰਜਨ ਸਾਹਿਬ ਇਸ ਅਸੂਲ ਨੂੰ ਪ੍ਰਵਾਨ ਕਰ ਬੈਠੇ ਹਨ ਕਿ ਪੱਥਰ ਪੂਜਿਆਂ ਭੀ ਰੱਬ ਮਿਲ ਸਕਦਾ ਹੈ"

ਗੁਰੂ ਅਰਜਨ ਦੇਵ ਜੀ ਪੱਥਰ ਪੂਜਾ ਬਾਬਤ ਇਹ ਕਹਿੰਦੇ ਹਨ:

" *ਜਿਸੁ ਪਾਹਨ ਕਉ ਠਾਕੁਰੁ ਕਹਤਾ। ਉਹੁ ਪਾਹਨੁ ਲੈ ਉਸ ਕਉ ਡੁਬਤਾ। ੨ । ਗੁਨਹਗਾਰੁ ਲੂਣ ਹਰਾਮੀ। ਪਾਹਨ ਨਾਵ ਨ ਪਾਰਗਰਾਮੀ। ੩ ।*{ਸੂਹੀ ਮਹਲਾ ੫} (ਪਾਹਨ = ਪੱਥਰ)

**ਰਾਜਾ ਬੱਲ:** ਜਿਸ ਨੂੰ ਰਾਜਾ ਬਲੀ ਵੀ ਕਹਿੰਦੇ ਹਨ ਰਾਜੇ ਵੀਰੋਚਨ ਦਾ ਪੁੱਤਰ ਅਤੇ ਭਗਤ ਪ੍ਰਲਾਦ ਦਾ ਪੋਤਰਾ ਸੀ। ਵਿਸ਼ਨੂੰ ਪੁਰਾਣ ਮੁਤਾਬਕ ਦੈਂਤ ਅਤੇ ਦਾਨਵ ਰਾਜਿਆ ਦਾ ਇਲਾਕਾ ਸੱਤਾਂ ਹਿੱਸਿਆ ਵਿੱਚ ਵੰਡਿਆ ਸੀ। ਉਹਨਾਂ ਹਿੱਸਿਆਂ ਦੇ ਨਾਮ ਸਨ, (1) ਅਤਾਲਾ (2) ਵਿਤਾਲਾ (3) ਨਿਤਾਲਾ (4) ਗਭਸਤੀਮੱਤ (5) ਮਹੀਤਾਲਾ (6) ਬੁਤਾਲਾ (7) ਪਤਾਲਾ। ਪਦਮ ਪੁਰਾਣ ਵਿੱਚ ਇਹਨਾਂ ਦੇ ਨਾਮ ਥੋੜੇ ਵੱਖਰੇ ਹਨ ਅਤੇ ਲਿਖਿਆ ਹੈ ਕਿ, ਅਤਾਲਾ ਵਿੱਚ ਮਹਾਂ ਮਾਇਆ ਦਾ ਰਾਜ ਹੈ। ਵਿਤਾਲਾ ਵਿੱਚ ਹਿਤਾਕਸ਼ਵਾਰਾ ਦਾ ਰਾਜ ਹੈ। ਬੁਤਾਲਾ ਵਿੱਚ ਬੱਲ ਦਾ ਰਾਜ ਹੈ। ਤੱਲਤਾਲਾ ਵਿੱਚ ਮਾਇਆ ਅਤੇ ਮਹਾਂਤਾਲਾ ਵਿੱਚ ਨਾਗ ਰਹਿੰਦੇ ਹਨ। ਸਤਾਲਾ ਦੈਂਤ ਅਤੇ ਦਾਨਵਾਂ ਦਾ ਹੈ। ਪਤਾਲਾ ਵਿੱਚ ਜੋ ਕਿ ਸੱਭ ਤੋਂ ਥੱਲੇ ਹੈ ਸ਼ਰੋਮਣੀ ਨਾਗ ਵਸੂਖੀ ਦਾ ਹੈ। ਇਹਨਾਂ ਨਾਂਵਾਂ ਦੇ ਇਲਾਕੇ ਇਸ ਖੇਤਰ ਵਿੱਚ ਅੱਜ ਵੀ ਮਿਲਦੇ ਹਨ। ਜਿਵੇਂ ਕਿ ਪਤਾਲਾ ਬੰਦਰਗਾਹ ਕਰਾਚੀ ਕੋਲ ਹੈ। ਬੁਤਾਲਾ ਨਾਮ ਦਾ ਇੱਕ ਮੰਦਰ ਤਿੱਬਤ ਵਿੱਚ ਹੈ।

ਰਾਜਾ ਬੱਲ ਦੀ ਕਥਾ ਵਮਨ ਪੁਰਾਣ ਵਿੱਚ ਇਸਤਰਾਂ ਲਿਖੀ ਹੈ। ਬੱਲ ਇੱਕ ਬਹੁਤ ਹੀ ਸ਼ਕਤੀਸ਼ਾਲੀ ਅਤੇ ਆਪਣੇ ਵਚਨ ਨੂੰ ਨਿਭਾਉਣ ਵਾਲਾ ਰਾਜਾ ਸੀ। ਆਪਣੀ ਭਗਤੀ ਅਤੇ ਸ਼ਕਤੀ ਨਾਲ ਉਹਨੇ ਇੰਦਰ ਅਤੇ ਦੂਜੇ ਦੇਵਤਿਆਂ ਨੂੰ ਹਰਾ ਕੇ ਤਿੰਨਾਂ ਲੋਕਾਂ ਦਾ ਰਾਜਾ ਬਣ ਗਿਆ ਸੀ। (ਟੱਰਕੀ ਤੋਂ ਲੱਗਕੇ ਸਿੰਧ ਤੱਕ ਦਾ ਇਲਾਕਾ)। ਦੇਵਤਿਆਂ ਨੇ ਵਿਸ਼ਨੂੰ ਕੋਲ ਸਹਾਇਤਾ ਲਈ ਫਰਿਆਦ ਕੀਤੀ। ਵਿਸ਼ਨੂੰ ਨੇ ਇਕ ਬੌਣੇ ਬ੍ਰਾਹਮਣ ਦਾ ਰੂਪ ਧਾਰ ਕੇ ਰਾਜੇ ਬੱਲ ਕੋਲੋਂ ਵਚਨ ਮੰਗਿਆ ਕਿ ਉਹਨੂੰ ਤਿੰਨ ਕਦਮ ਭੂਮੀ ਦਾਨ ਵਿੱਚ ਦਿੱਤੀ ਜਾਵੇ। ਵਚਨ ਲੈਣ ਤੋਂ ਬਾਦ ਵਿਸ਼ਨੂੰ ਨੇ ਆਪਣੇ ਆਪ ਨੂੰ ਏਨਾਂ ਵੱਡਾ ਕਰ ਲਿਆ ਕਿ ਉਹਦੇ ਤਿੰਨਾਂ ਕਦਮਾਂ ਵਿੱਚ ਰਾਜੇ ਬੱਲ ਦਾ ਤਿੰਨਾਂ ਲੋਕਾਂ ਦਾ ਸਾਰਾ ਰਾਜ ਆ ਗਿਆ ਪਰ ਪ੍ਰਲਾਦ ਦਾ ਪੋਤਰਾ ਹੋਣ ਕਰਕੇ ਪਤਾਲ (ਸਿੰਧ) ਦਾ ਰਾਜ ਉਹਦੇ ਕੋਲ ਰਹਿਣ ਦਿੱਤਾ।

**ਰਾਜਾ ਬੱਲ ਅਸੁਰਾ:** ਰਾਜਾ ਬੱਲਅਸੁਰਾ ਉਸ ਰਾਜੇ ਬੱਲ ਦਾ ਸੱਭ ਤੋਂ ਵੱਧਾ ਪੁੱਤਰ ਸੀ ਜਿਹਨੇ ਆਪਣਾ ਵਚਨ ਪੂਰਾ ਕਰਨ ਲਈ ਆਪਣਾ ਸੱਭ ਰਾਜ ਭਾਗ ਵਿਸ਼ਨੂੰ ਨੂੰ ਦਾਨ ਵਿੱਚ ਦੇ ਦਿੱਤਾ ਸੀ। ਭਾਂਵੇ ਇਹ ਵਚਨ ਧੋਖੇ ਨਾਲ ਲਿਆ ਗਿਆ ਸੀ ਫਿਰ ਵੀ ਉਹ ਆਪਣੇ ਵਚਨ ਤੋਂ ਮੁੱਕਰਿਆ ਨਹੀ। ਬੱਲਅਸੁਰਾ ਵੀ ਆਪਣੇ ਪਿਤਾ ਵਾਂਗ ਬਹਾਦਰ,ਸ਼ਕਤੀਸ਼ਾਲੀ, ਸੱਚਾਈ ਪਸੰਦ ਅਤੇ ਆਪਣੇ ਵਚਨ ਦਾ ਪੂਰਾ ਸੀ। ਆਪਣੇ ਬਜ਼ੁਰਗਾਂ ਵਾਂਗ ਬੱਲਅਸੁਰਾ ਵੀ ਸ਼ਿਵ ਭਗਤ ਸੀ। ਸ਼ਿਵ ਦੇ ਤਾਂਡਵ ਨਾਚ ਨਾਲ ਮਿਰਦੰਗ ਵਜਾਉਣ ਵਾਲਾ ਬੱਲਅਸੁਰਾ ਹੀ ਸੀ। ਬੱਲਅਸੁਰਾ ਦੀ ਬੇਟੀ ਦਾ ਨਾਮ ਊਸ਼ਾ ਸੀ। ਊਸ਼ਾ ਅਤੇ ਕ੍ਰਿਸ਼ਨ ਭਗਵਾਨ ਦੇ ਭਰਾ ਬਲਰਾਮ ਦੇ ਪੋਤਰੇ ਅਨੀਰੁਧ ਦੇ ਪਿਆਰ

ਨੂੰ ਲੈਕੇ ਬੱਲਅਸੁਰਾ ਅਤੇ ਦਵਾਰਕਾ ਵਾਲੇ ਯਾਦਵ ਜੱਟਾਂ ਵਿੱਚ ਯੁੱਧ ਹੋਇਆ। ਸ਼ਿਵ ਜੀ ਨੇ ਆਪਣੇ ਭਗਤ ਬੱਲਅਸੁਰਾ ਦਾ ਸਾਥ ਦਿੱਤਾ। ਯੁੱਧ ਸੰਧੀ ਨਾਲ ਮੁੱਕ ਗਿਆ। ਊਸ਼ਾ ਅਤੇ ਅਨੀਰੁਧ ਦੀ ਸ਼ਾਦੀ ਹੋ ਗਈ। ਦਵਾਰਕਾ ਅਤੇ ਪਤਾਲ ਬੰਦਰਗਾਹਾਂ ਪ੍ਰਾਚੀਨ Gate way of India ਹਨ। ਇਹਨਾਂ ਬੰਦਰਗਾਹਾਂ ਰਾਹੀ ਮੈਸੋਪੋਟੇਮੀਆ ਅਤੇ ਸਿੰਧ ਸਭਿਅਤਾ ਦੇ ਵਪਾਰਕ ਸਬੰਧ ਕਾਇਮ ਸਨ।

ਪ੍ਰਲਾਦ, ਬੱਲ ਅਤੇ ਬੱਲਅਸੁਰਾ ਦੀਆਂ ਕਹਾਣੀਆਂ ਮਿੱਥਿਹਾਸ ਲੱਗਦੀਆਂ ਹਨ ਪਰ ਇੱਸ ਮਿੱਥਿਹਾਸ ਵਿੱਚ ਹੀ ਇੱਤਿਹਾਸ ਲੁਕਿਆ ਹੈ। ਮਿੱਥਿਹਾਸ ਵਿੱਚ ਦੱਸੇ ਲੋਕ ਆਮ ਤੌਰ ਉੱਤੇ ਸੱਚ ਹੁੰਦੇ ਹਨ ਬੱਸ ਉਹਨਾਂ ਦੇ ਕਾਰਨਾਮਿਆਂ ਨੂੰ ਵਧਾ ਚੜਾ ਕੇ ਲਿਖਿਆ ਹੁੰਦਾ ਹੈ। ਮਿਸਾਲ ਦੇ ਤੌਰ ਉੱਤੇ ਗਰੂਦਾ ਪੁਰਾਣ ਵਿੱਚ ਲਿਖਿਆ ਹੈ ਕਿ "ਦੁਨੀਆਂ ਦੇ ਸੱਭ ਰਤਨ ਜਵਾਹਰ ਬੱਲਅਸੁਰਾ ਦੇ ਸਰੀਰ ਦੇ ਹਿੱਸਿਆਂ ਤੋਂ ਬਣੇ ਹਨ" ਇਹ ਮਿਥਿਹਾਸ ਹੈ। ਅਸਲ ਗੱਲ ਇਹ ਹੈ ਕਿ ਬੱਲਅਸੁਰਾ ਦੇ ਬਹੁਤ ਸਾਰੇ ਪੁੱਤਰ (ਸਰੀਰ ਦੇ ਹਿੱਸੇ) ਸਨ। ਉਹਦੀ ਮੌਤ ਤੋਂ ਬਾਦ ਉਹਦੇ ਪੁਤਰਾਂ ਨੇ ਸਾਰੇ ਜੰਬੂ ਦੀਪ ਵਿੱਚ ਕਈ ਰਾਜ (ਰਤਨ ਜਵਾਹਰ) ਕਾਇਮ ਕੀਤੇ। ਇਹ ਇਤਿਹਾਸ ਹੈ।

ਇਹ ਮਿੱਥਿਹਾਸਕ ਕਥਾਂਵਾਂ ਬੱਲਾਂ ਦੇ ਇੱਤਿਹਾਸ ਦਾ ਮਹੱਤਵ ਪੂਰਨ ਹਿੱਸਾ ਹਨ। ਏਹਨਾਂ ਤੋਂ ਅਸੀ ਏਨਾਂ ਹੀ ਸਿੱਖਣਾ ਹੈ ਕਿ ਦੇਵ ਅਤੇ ਅਸੁਰ ਇਕੋ ਹੀ ਪਿਤਾ ਦੀ ਸੰਤਾਨ ਸਨ। ਮੈਸੋਪੋਟੇਮੀਆਂ ਦੇ ਸੁਮੇਰ,ਅਕੱੜ,ਬੈਬਲਾਨ ਅਤੇ ਅਸੀਰੀਆ ਇਹਨਾਂ ਦੇਵ ਅਤੇ ਅਸੁਰ ਭਰਾਵਾਂ ਦੇ ਰਾਜ ਸਨ। ਪ੍ਰਾਚੀਨ ਸਮੇ ਵਿੱਚ ਜੱਟਾਂ ਦੇ ਰਾਜ ਸਿੰਧ, ਅਤੇ ਪਾਮੀਰ ਪਰਬਤ ਤੋਂ ਬੈਬਲਾਨ ਅਤੇ ਟੱਰਕੀ ਤਕ ਸਨ। ਪੁਰਾਣਾਂ ਵਿੱਚ Ankara ਨੂੰ ਅੰਗੀਰਾ ਲਿਖਿਆ ਹੈ। ਬੱਲ ਰਾਜਾ ਪ੍ਰਲਾਦ ਉਹਦਾ ਪੁੱਤਰ ਵੀਰੋਚਨ ਉਹਦਾ ਪੁੱਤਰ ਬੱਲ ਅਤੇ ਉਹਦਾ ਪੁੱਤਰ ਬੱਲਅਸੁਰਾ ਸ਼ਕਤੀਸ਼ਾਲੀ ਮਹਾਨ ਰਾਜੇ ਸਨ। ਇਹਨਾਂ ਰਾਜਿਆਂ ਦੇ ਦੁਸ਼ਮਣ ਵੀ ਇਹਨਾਂ ਦੀਆਂ ਸਿਫਤਾਂ ਕਰਦੇ ਸਨ।

"It is significant that many Jat clans figure in the Asura stories of India. For example Balasura, stand for the Bal clan of the Jats or one particular king of that clan. Vrikasura similarly stands for the Vrika clan or a king of that clan. The very name Jatasura, i.e, Jatasura is also mentioned in the Mahabharata and by Varahamihira. These are some examples only and are similar to the Babylonian names, e.g., Asurabani Pal, Asurnezar Pal, etc. Even Varuna, the Aryan god, is called Asura Varuna. Baudhayana Dharmasutra speaks of the Asura branch of Kasyapa gotra."(Jats The Ancient Rulers by B.S. Dahiya)

## ਜੱਟ:

ਪ੍ਰਾਚੀਨ ਜੱਟਾਂ ਨੂੰ ਵੱਖ ਵੱਖ ਭਾਸ਼ਾ ਵਿੱਚ ਵੱਖ ਵੱਖ ਸਮੇ ਉੱਤੇ ਵੱਖ ਵੱਖ ਨਾਂਮ ਦਿੱਤੇ ਗਏ ਹਨ। ਜਿਵੇਂ ਕਿ:
"Jats Jat, Jath, Jatah, Jateh, Jaut, Jit, Jith, Jet, Jute, Gat,Gautar, Get,Git,Getae,Got,Goth, Gotar, Gut, Guti, Gutia, Gutton, Guttone, Djat, Djoth, Az-Zat, Zaut, Zutt, Zot, Zothale, Zutii, Xuthi, Xantii, Iatii, Yat, Yata, Yeta, Yetha, Yet, Yete,Yewti,Yuti,Yu chi".(The Jats origins,antiquity,migrations, H.S Pawar)

Nesfield ਲਿਖਦਾ ਹੈ "if appearance goes for anything, the jats could not but be Aryans" Dr. Trumpp and Beames ਦਾ ਖਿਆਲ ਹੈ ਕਿ ਜੱਟ ਖਾਲਸ ਆਰੀਆ ਹਨ। Col. Tod ਅੱਜ ਦੇ ਜੱਟਾਂ ਦਾ ਸਬੰਧ ਰੋਮ ਦੇ ਗਾਥ (Goths) ਅਤੇ ਡੈਨਮਾਰਕ ਦੇ ਜੱਟਲੈਂਡ ਵਾਲੇ ਜੱਟਾਂ ਨਾਲ ਜੋੜਦਾ ਹੈ। H.Risley ਕਹਿੰਦਾ ਹੈ ਕਿ "Jats and Gujars are purely Aryans, their nose index being even finer than that of the Parisians". ਜੱਟ ਦਾ ਅਸਲੀ ਅਤੇ ਆਦ ਸਮੇਂ ਤੋਂ ਚਲਿਆ ਆ ਰਿਹਾ ਇਕੋ ਹੀ ਨਾਮ ਹੈ ਅਤੇ ਉਹ ਹੈ 'ਜੱਟ'। ਉਹ ਜੱਟ ਹੀ ਸਨ ਜੋ ਬਾਦ ਵਿੱਚ ਆਰੀਆ ਅਖਵਾਏ। ਉਹ ਜੱਟ ਹੀ ਸਨ ਜਿਹਨਾਂ ਨੂੰ ਬਾਦ ਵਿੱਚ Scythians, Guti, YueChi,

HuingNu, Getae, Rajput ਆਦਿਕ ਕਿਹਾ ਗਿਆ। ਹਾਲ ਵਿੱਚ ਹੀ ਹੋਈ Genetict ਖੋਜ ਭਾਰਤੀ ਅਤੇ ਪਾਕਿਸਤਾਨੀ ਜੱਟਾਂ ਨੂੰ ਜਰਮਨ, ਸਲਾਵਿਕ, ਬਾਲਟਿਕ, ਇਰਾਨੀ, ਕਰੋਏਸ਼ੀਆ ਅਤੇ ਯੁਕਰੇਨ ਦੇ ਲੋਕਾਂ ਨਾਲ ਸਬੰਧਤ ਸਾਬਤ ਕਰਦੀ ਹੈ।

ਸਤਰੇਬੋ, ਪਲਿਨੀ ਅਤੇ ਪਟੋਲਮੀ ਜੱਟਾਂ ਨੂੰ ਅੱਮੂ (Oxus) ਅਤੇ ਸਰ (Jaxartes) ਦਰਿਆ ਦੇ ਇਲਾਕੇ ਦੇ ਵਸਨੀਕ ਕਹਿੰਦੇ ਹਨ। ਅਸਲ ਵਿੱਚ ਪ੍ਰਾਚੀਨ ਜੱਟ ਮੰਗੋਲੀਆ ਤੋਂ ਟੱਰਕੀ ਤੱਕ ਦੇ ਇਲਾਕਿਆਂ ਉੱਤੇ ਰਾਜ ਕਰਦੇ ਰਹੇ। ਇਹ ਜੱਟ ਉਸ ਵਕਤ ਆਪਣੇ ਕਬੀਲਿਆਂ ਦੇ ਨਾਮ ਨਾਲ ਜਾਣੇ ਜਾਂਦੇ ਸਨ। B.S. Dahiya ਆਪਣੀ ਜੱਗਤ ਪ੍ਰਸਿਧ ਕਿਤਾਬ 'Jats The Ancient Rulers' ਵਿੱਚ ਲਿਖਦਾ ਹੈ:"though their race is one and the same, i.e. Jats, Many of these dynasties took the name of their clans when they established empires and it is the names of the their clans which were known to the historians, e.g. the Manda, the Kusanas, the the Kidarites, the Tukhars , etc. the planes of Asia have been successively given the name of one or the other Jat clan. When Manda clan, under Ashtavegu, united these vast planes under one administration then these planes were called the Manda empire (The term "Median Empire"is a misnomer,as is well known) When large areas were under the Dahiya clan then it got the name Dahistan, When the Kasavan clan was predominant , the Asian planes were called the " Kusana Empire". Under the supremacy of the Tur clan the vast area was named Turkistan and when they were replaced by the Tatran clan the same land was called Tatari. Their one and only name is Jat and they were at the dawn of the history, living in the planes of Central Asia from Mongolia in the east to the Scythia in the west".

ਏਸੇ ਤਰਾਂ ਹੀ ਬੱਲ ਜੱਟਾਂ ਨੇ ਆਪਣੇ ਰਾਜ ਨੂੰ ਗੁਜਰਾਤ ਵਿੱਚ ਬੱਲਬੀਪੁਰ ਅਤੇ ਯੂਰਪ ਵਿੱਚ ਬੱਲਗਾਰੀਆ ਦਾ ਨਾਮ ਦਿੱਤਾ।

ਮਹਾਂਭਾਰਤ ਦੇ ਸਮੇ ਜੱਟ ਸਿੰਧ ਵਿੱਚ ਅਤੇ ਮੱਦ (ਮੰਡ) (Medes) ਪੰਜਾਬ ਵਿੱਚ ਵੱਸੇ ਸਨ। ਮੰਡ ਵੀ ਜੱਟਾਂ ਦਾ ਹੀ ਇੱਕ ਕਬੀਲਾ ਹੈ। ਪੰਜਾਬ ਨੂੰ ਮਹਾਂਭਾਰਤ ਵਿੱਚ ਮਾਦਰ ਦੇਸ ਲਿਖਿਆ ਗਿਆ ਹੈ। ਨੁਕਲ ਅਤੇ ਸਹਿਦੇਵ ਦੀ ਮਾਤਾ ਮਾਦੁਰੀ ਮਾਦਰ ਦੇਸ (ਪੰਜਾਬ) ਦੇ ਰਾਜੇ ਦੀ ਧੀ ਸੀ। ਇੰਝ ਲੱਗਦਾ ਹੈ ਕਿ ਪ੍ਰਾਚੀਨ ਜੱਟ ਆਪਣੀਆਂ ਧੀਆਂ ਦੇ ਨਾਮ ਵੀ ਆਪਣੇ ਰਾਜ ਭਾਗ ਨਾਲ ਮਿਲਦੇ ਜੁਲਦੇ ਰੱਖਦੇ ਸਨ। ਮਿਸਾਲ ਦੇ ਤੌਰ ਉੱਤੇ ਮੰਡਾਂ ਦੇ ਰਾਜੇ ਅਸਤਾਵੇਗੁ ਦੀ ਧੀ ਅਤੇ ਸਾਇਰਸ ਦੀ ਮਾਤਾ 'ਮੰਡੇਨ'। ਤੋਮਾਰ ਜੱਟਾਂ ਦੀ ਧੀ 'ਤੋਮਰੀ'। ਜੱਟਾਂ ਦਾ ਪ੍ਰਾਚੀਨ ਇੱਤਿਹਾਸ ਜਾਨਣ ਲਈ ਜਾਂ ਫਿਰ ਇੰਝ ਕਹਿ ਲਉ ਕਿ ਉੱਤਰ ਪੱਛਮੀ ਭਾਰਤ ਦਾ ਪ੍ਰਾਚੀਨ ਇੱਤਿਹਾਸ ਸਮਝਣ ਲਈ ਮੱਧ ਏਸ਼ੀਆ ਦਾ ਇੱਤਿਹਾਸ ਸਮਝਣਾ ਬਹੁੱਤ ਜਰੂਰੀ ਹੈ।ਜੱਟਾਂ ਦੀਆਂ ਜੜ੍ਹਾਂ ਮੱਧ ਏਸ਼ੀਆ ਨਾਲ ਜੁੜੀਆਂ ਹਨ।

" It is clear from our source material, archaeological as well as literary, that about all major movements of ideas and people vitally affecting the history of Indian union down to the thirteenth century(A.D) are , in one way or another related to Central Asia". (A.K Narain's presidential address of Indian history congress (1968) Bhagalpur)

"It is not an exaggeration to say that Central Asia holds the key to the many of our historical problems." (Jats the ancient rulers' B.S Dahiya).

ਆਓ ਸ਼ੁਰੂ ਕਰੀਏ ਸਿੰਧ ਵਾਦੀ (Indus Valley) ਦੀ ਸੱਭਿਅਤਾ ਤੋਂ ਕਿਉਂਕਿ ਭਾਰਤ ਦੀ Documented History ਏਥੋਂ ਸ਼ੁਰੂ ਹੁੰਦੀ ਹੈ। ਸਿੰਧ ਵਾਦੀ ਦੇ ਸੰਖੇਪ ਜ਼ਿਕਰ ਤੋਂ ਬਾਦ ਮੱਧ ਏਸ਼ੀਆ ਦੇ ਜੱਟ ਕਬੀਲੇ ਅਤੇ

ਉਹਨਾਂ ਦੇ ਰਾਜਾਂ ਦੀ ਸੰਖੇਪ ਵਿਆਖਿਆ ਕੀਤੀ ਜਾਵੇਗੀ। ਬੱਲ ਅਤੇ ਬਾਕੀ ਸਾਰੇ ਜੱਟ ਕਬੀਲਿਆਂ ਦਾ ਇੱਤਿਹਾਸ ਸਮਝਣ ਲਈ ਇਹ ਗਿਆਨ ਮਹੱਤਵਪੂਰਣ ਵੀ ਹੈ ਅਤੇ ਜਰੂਰੀ ਵੀ। ਅਸਲ ਵਿੱਚ ਤਾਂ ਬੱਲਾਂ ਅਤੇ ਬਾਕੀ ਜੱਟਾਂ ਦੇ ਇਤਿਹਾਸ ਦੀ ਪੂਰੀ ਤਸਵੀਰ ਵੇਖਣ ਅਤੇ ਸਮਝਣ ਲਈ ਚੀਨ ਤੋਂ ਹੰਗਰੀ ਅਤੇ ਸਾਇਬੇਰੀਆ ਤੋਂ ਭਾਰਤ (ਜੰਬੂ ਦੀਪ) ਦੇ ਇਲਾਕੇ ਦਾ ਇਤਿਹਾਸ ਅਤੇ ਜੁਗਰਾਫੀਆ ਜਾਨਣਾ ਜਰੂਰੀ ਹੈ।

ਅੱਜ ਤੋਂ ਵੀਹ ਹਜ਼ਾਰ ਸਾਲ ਪਹਿਲਾਂ ਅਖੀਰਲੀ Ice Age ਦੀਆਂ ਅਖੀਰਲੀਆਂ ਸਦੀਆਂ ਵੇਲੇ ਯੂਰਪ ਅਤੇ ਉੱਤਰੀ ਅਮਰੀਕਾ ਬਰਫ ਹੇਠ ਦੱਬੇ ਪਏ ਸਨ। ਇਸ ਇਲਾਕੇ ਵਿੱਚ ਇਨਸਾਨੀ ਅਬਾਦੀ ਦੀਆਂ ਟੁਕੜੀਆਂ ਕਿਤੇ ਕਿਤੇ ਸਨ ਪਰ ਕੋਈ ਵੱਡੀ ਸਭਿਅਤਾ ਨਹੀ ਹੋਈ। ਚੀਨ, ਸਿੰਧ, ਮੈਸੋਪੋਟੇਮੀਆਂ ਅਤੇ ਮਿਸਰ ਦੀਆਂ ਪ੍ਰਾਚੀਨ ਸਭਿਤਾਵਾਂ Tropic Of Cancer ਤੋਂ ਥੋੜਾ ਉੱਤਰ ਵਿੱਚ ਹੋਈਆਂ। ਇਸ ਇਲਾਕੇ ਵਿੱਚ ਬਰਫ ਤੋਂ ਬਚਾ ਜਾਂ ਘੱਟ ਬਰਫ ਹੋਣ ਕਰਕੇ ਏਥੇ ਬਨਸਪਤੀ, ਇਨਸਾਨੀ ਅਤੇ ਹੈਵਾਨੀ ਜਿੰਦਗੀ ਦੀ ਪ੍ਰਫੁੱਲਤਾ ਸੰਭਵ ਸੀ। ਮੱਧ ਏਸ਼ੀਆ ਦੇ ਮੈਦਾਨ ਵੀ ਏਸੇ ਇਲਾਕੇ ਦਾ ਹਿੱਸਾ ਹਨ। ਫਿਰ ਜੱਦ ਇਨਸਾਨ ਨੇ ਆਪ ਖੇਤੀ ਬਾੜੀ ਸ਼ੁਰੂ ਕੀਤੀ ਤਾਂ ਉਹ ਖਾਨਾ ਬਦੋਸ਼ (Nomad) ਚਰਵਾਹੇ ਤੋਂ ਇੱਕ ਥਾਂ ਡੇਰਾ ਲਾ ਕੇ ਬਹਿਣ ਵਾਲਾ ਬਣ ਗਿਆ। ਇਹ ਪੱਕੇ ਡੇਰੇ, ਪਿੰਡ, ਸ਼ਹਿਰ, ਮੁਲਕ ਅਤੇ ਇਹਨਾਂ ਉੱਤੇ ਰਾਜ ਕਰਨ ਵਾਲੇ ਰਾਜੇ ਮਹਾਂਰਾਜੇ ਬਣ ਗਏ। ਏਸੇ ਖੇਤੀ ਬਾੜੀ ਨੇ ਪਾਣੀ ਪ੍ਰਬੰਧ, ਸਾਇੰਸ, ਗਣਿਤ, ਹਿਸਾਬ ਕਿਤਾਬ, ਨਾਪ ਤੋਲ ਅਤੇ ਵਿਉਪਾਰ ਨੂੰ ਹੋਂਦ ਵਿੱਚ ਲਿਆਂਦਾ।

ਖੇਤੀ ਬਾੜੀ ਅਤੇ ਇਨਸਾਨੀ ਜਿੰਦਗੀ ਲਈ ਪਾਣੀ ਜ਼ਰੂਰੀ ਹੈ। ਏਸੇ ਲਈ ਪਹਿਲੇ ਪੱਕੇ ਇਨਸਾਨੀ ਡੇਰੇ ਦਰਿਆਵਾਂ ਦੇ ਕੰਢੇ ਬਣੇ ਜੋ ਬਾਦ ਵਿੱਚ ਮਹਾਨ ਸੱਭਿਤਾਂਵਾਂ ਅਖਵਾਏ। ਮਿਸਰ (Egypt) ਦੀ ਸੱਭਿਅਤਾ ਨੀਲ ਦਰਿਆ ਕੰਢੇ ਹੋਈ। ਮੈਸੋਪੋਟੇਮੀਆਂ Tigris ਅਤੇ Euphrates ਦੇ ਵਿੱਚਕਾਰ ਹੋਈ।ਚੀਨ ਦੀ ਸੱਭਿਅਤਾ Huang-Ho (Yellow River) ਦੇ ਕੰਢੇ ਹੋਈ। ਸਿੰਧ ਵਾਦੀ (Indus Valley) ਦੀ ਸੱਭਿਅਤਾ ਦਰਿਆ ਸਿੰਧ ਦੇ ਕੰਢੇ ਹੋਈ। ਬਲੋਚਿਸਤਾਨ, ਗੁਜਰਾਤ ਅਤੇ ਸ਼ਿਵਾਲਕ ਪਹਾੜੀਆਂ, ਇਹਨਾਂ ਤਿੰਨਾਂ ਥਾਂਵਾਂ ਨੂੰ ਜੇ ਇਕ ਕਾਲਪਨਿਕ ਲਕੀਰ ਰਾਹੀ ਮਿਲਾ ਦਿੱਤਾ ਜਾਵੇ ਤਾਂ ਇੱਕ ਤਿਕੋਣ ਦੀ ਸ਼ਕਲ ਬਣਦੀ ਹੈ। ਇਸ ਤਿਕੋਣੀ ਇਲਾਕੇ ਨੂੰ ਹੀ ਪ੍ਰਾਚੀਨ ਸਿੰਧ ਵਾਦੀ ਕਿਹਾ ਜਾਂਦਾ ਹੈ। ਇਸ ਵਾਦੀ ਦੇ ਵਸਨੀਕ ਇੱਕ ਹੀ ਨਸਲ ( Dravidian Speaking Aborgines) ਅਤੇ ਇੱਕ ਹੀ ਪ੍ਰਬੰਧ ਦੇ ਅਨੁਸਾਰ ਚਲਣ ਵਾਲੇ ਲੋਕ ਸਨ ਜਿਹਨਾਂ ਨੂੰ ਬਾਦ ਵਿੱਚ ਆਦਵਾਸੀ ਕਿਹਾ ਗਿਆ।

“ The regular planning of the streets, the layout of cities and the common weights and measures suggest a single state covering the entire area.” ( The Wonder that was India By A.L Bhasham)

ਸੱਭ ਤੋਂ ਪਹਿਲਾ ਉਚਾਰਿਆ ਵੇਦ, ਰਿੱਗ ਵੇਦ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਇਸ ਵਾਦੀ ਦੇ ਵਸਨੀਕ ਦਰਾਵੜ ਜਾਤੀ ਨਾਲ ਸਬੰਧਤ ਸਨ। ਇਸ ਸੱਭਿਅਤਾ ਦੇ ਦੋ ਪ੍ਰਮੁੱਖ ਸ਼ਹਿਰ ‘ਹੜੱਪਾ’ ਅਤੇ ਮਹਿੰਜੋ ਦਾਰੋ ਹਨ। ਹੜੱਪਾ ਰਾਵੀ ਕੰਢੇ ਜਿਲਾ ਸਾਹੀਵਾਲ ਪੰਜਾਬ ਵਿੱਚ ਅਤੇ ਇਸਤੋਂ 350 ਮੀਲ ਦੂਰ ਮਹਿੰਜੋ ਦਾਰੋ ਸਿੰਧ ਦਰਿਆ ਦੇ ਕੰਢੇ ਜਿਲਾ ਲਰਕਾਨਾਂ ਵਿੱਚ ਹੈ। ਹੜੱਪਾ ਨੂੰ ਰਿਗ ਵੇਦ ਵਿੱਚ ਹਰੂਪੀਯਾ ਕਿਹਾ ਗਿਆ ਹੈ। ਕਣਕ, ਜੌਂ, ਸਰਸੋਂ, ਦੇ ਨਾਲ ਨਾਲ ਕਪਾਹ ਇਸ ਇਲਾਕੇ ਦੀਆਂ ਪ੍ਰਮੁੱਖ ਫਸਲਾਂ ਸਨ। ਇਹ ਉਹ ਸਮੇ ਹਨ ਜਦੋਂ ਪੱਛਮੀ ਦੁਨੀਆਂ ਨੂੰ ਕਪਾਹ ਜਾਂ ਸੂਤ ਦਾ ਕੋਈ ਗਿਆਨ ਨਹੀ ਸੀ।

“As to the peculiar products of India it is interesting that Herodotus told the Greek world, perhaps for the first time, of the trees that bore wool, surpassing in beauty and in quality the wool of sheep; and the Indians wear clothing from these trees.”( The Cambridge history of India, By E.J Rapson ).

ਕਪਾਹ ਅਤੇ ਇਸਦੇ ਸੂਤ ਤੋਂ ਬਣਾਏ ਕਪੜੇ ਮੈਸੋਪੋਟੇਮੀਆਂ (ਇਰਾਕ) ਤਕ ਭੇਜੇ ਜਾਂਦੇ ਸਨ। ਇਸ ਇਲਾਕੇ ਦੇ ਲੋਕ ਕਪਾਹ ਨੂੰ ਸਿੰਧੂ ਅਤੇ ਯੂਨਾਨ ਦੇ ਲੋਕ ਸਿੰਧਾਨ ਕਹਿੰਦੇ ਸਨ। ਸਿੰਧ ਵਾਦੀ ਅਤੇ ਮੈਸੋਪੋਟੇਮੀਆਂ ਦੇ ਜੱਲ ਅਤੇ ਥੱਲ ਰਾਹੀ ਵਿਉਪਾਰਕ ਸਬੰਧ ਸਨ। ਬੁੱਧ ਜੱਟਾਕਾ ਅਤੇ ਸੁਮੇਰ ਮੋਹਰਾਂ ਤੋਂ ਇੱਸਦੀ ਪ੍ਰੋੜਤਾ ਮਿਲਦੀ ਹੈ।

ਸੰਨ 1500 B.C.E ਅੱਜ ਤੋਂ ਲੱਗ ਭੱਗ ਕੋਈ 3500 ਸਾਲ ਪਹਿਲਾਂ, ਮੱਧ ਏਸ਼ੀਆ ਵਿਚੋਂ ਪੁਰਾਣਾਂ ਵਾਲੇ ਆਈਲਾ ਵਰਸ਼ ਦੇ ਕੁਝ ਜੱਟ ਕਬੀਲਿਆਂ ਨੇ ਸਿੰਧ ਵਾਦੀ ਉੱਤੇ ਹਮਲਾ ਕੀਤਾ। ਏਹੀ ਹਮਲਾਵਰ ਲੋਕ ਬਾਦ ਵਿੱਚ ਆਰੀਆ ਅਖਵਾਏ। ਇਸ ਹਮਲੇ ਦੌਰਾਨ ਸਿੰਧ ਵਾਦੀ ਦੇ ਲੱਖਾਂ ਦਰਾਵੜ ਵਸਨੀਕ ਮਾਰੇ ਗਏ ਜੋ ਬਚੇ ਉਹਨਾਂ ਵਿੱਚੋਂ ਕੁਝ ਗੁਲਾਮ ਬਣਾ ਲਏ ਗਏ ਅਤੇ ਬਾਕੀ ਦੱਖਣੀ ਭਾਰਤ ਵੱਲ ਭੱਜ ਨਿਕਲੇ। ਕਈ ਇੱਤਿਹਾਸਕਾਰ ਇੱਕ ਬਹੁੱਤ ਵੱਡੇ ਪਾਣੀ ਦੇ ਹੱੜ੍ਹ ਨੂੰ ਸਿੰਧ ਵਾਦੀ ਦੀ ਤਬਾਹੀ ਦਾ ਕਾਰਨ ਮੰਨਦੇ ਹਨ। ਰਿਗ ਵੇਦ ਮੁਤਾਬਕ ਆਰੀਆ ਲੋਕਾਂ ਦੀ ਜਿੱਤ ਇੰਦਰ (ਮੀਂਹ ਦਾ ਦੇਵਤਾ) ਦੀ ਮਦਦ ਨਾਲ ਹੋਈ। ਸੰਭਵ ਹੈ ਕਿ ਸਿੰਧ ਵਾਦੀ ਸੱਭਿਅਤਾ ਦੀ ਬਰਬਾਦੀ ਹਮਲਾ ਅਤੇ ਹੱੜ੍ਹ ਦੋਹਾਂ ਕਾਰਨਾਂ ਕਰਕੇ ਹੋਈ ਹੋਵੇ। ਸਿਵਾ, ਵਰਿਚ, ਕਾਯਾ, ਪੁਰੂ, ਯਾਦੂ, ਤੁਰਵਾਸਾ, ਨਿਚਯਾ, ਧਰਾਤਯੂ ਅਤੇ ਅੱਨੂ, ਜੱਟ (ਆਰੀਆ) ਕਬੀਲੇ ਸਨ ਜੋ ਸਿੰਧ ਵਾਦੀ ਉੱਤੇ ਹਮਲਾ ਕਰਨ ਆਏ।

ਸਿੰਧ ਵਾਦੀ (ਪੰਜਾਬ) ਦੇ ਇਹ ਨਵੇਂ ਵਸਨੀਕ ਕੋਈ ਪੰਜ ਸੌ ਸਾਲ ਦੇ ਕਰੀਬ ਇਸ ਇਲਾਕੇ ਵਿੱਚ ਰਹੇ। ਇਸ ਸਮੇਂ ਬ੍ਰਾਹਮਣ ਧਰਮ ਅਤੇ ਚਤੁਰ ਵਰਣ ਅਜੇ ਨਹੀਂ ਸੀ ਬਣੇ। ਇਸਦਾ ਸਬੂਤ ਇਹ ਹੈ, ਕਿ ਭਾਵੇ ਇਹ ਲੋਕ ਇਸ ਇਲਾਕੇ ਵਿੱਚ ਪੰਜ ਸੌ ਸਾਲ ਰਹੇ ਪਰ ਫਿਰ ਵੀ ਬ੍ਰਾਹਮਣਾਂ ਦਾ ਕੋਈ ਪ੍ਰਾਚੀਨ ਤੀਰਥ ਅਸਥਾਨ ਪੰਜਾਬ ਵਿੱਚ ਨਹੀ ਹੈ। ਵੇਦਾਂ ਵਿੱਚ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਤਾਂ ਹੈ ਪਰ ਉਹਨਾਂ ਵਿੱਚੋਂ ਕਿਸੇ ਨੂੰ ਵੀ ਪਵਿੱਤਰ ਨਹੀ ਮੰਨਿਆ ਗਿਆ। ਬ੍ਰਾਹਮਣਾਂ ਦੇ ਪਵਿੱਤਰ ਤੀਰਥ ਅਸਥਾਨ ਕਾਂਸ਼ੀ, ਮਥਰਾ, ਹਰਦਵਾਰ, ਕੁਰਕਸ਼ੇਤਰ, ਪ੍ਰੀਯਾਗ, ਅਯੁੱਧਿਆ, ਗਯਾ, ਪੁਰੀ, ਉੱਜ਼ੈਨ, ਦਵਾਰਕਾ ਸੱਭ ਸਤਲੁਜ ਤੋਂ ਪੂਰਬ ਵਾਲੇ ਪਾਸੇ ਹਨ। ਬ੍ਰਾਹਮਣ ਧਰਮ ਅਤੇ ਚਤੁਰ ਵਰਣ ਦੀ ਸਿਰਜਣਾਂ ਉਸ ਵੇਲੇ ਹੋਈ ਜੱਦ ਇਹ ਹਮਲਾਵਰ ਪੰਜਾਬ ਨੂੰ ਛੱਡ ਗੰਗਾ ਅਤੇ ਜਮਨਾ ਦੇ ਦੋਆਬੇ ਵਿੱਚ ਪਹੁੰਚ ਗਏ। ਵੇਦ ਅਤੇ ਵੈਦਿਕ ਰਚਨਾਂਵਾਂ ਇਸ ਵਕਤ ਹੋਈਆਂ। ਵੇਦ ਲਿਖੇ ਨਹੀਂ ਪੁਸ਼ਤ ਦਰ ਪੁਸ਼ਤ ਜਬਾਨੀ ਯਾਦ ਰੱਖੇ ਜਾਂਦੇ ਸਨ।

ਭਾਰਤੀ ਦੇਵਾਂ ਦੇ ਅਸੁਰ ਭਰਾਵਾਂ ਨੂੰ ਜੋ ਅਜੇ ਮੱਧ ਏਸ਼ੀਆ ਵਿੱਚ ਹੀ ਸਨ, ਯੁਨਾਨੀ ਇੱਤਿਹਾਸਕਾਰ Herodotus (484B.C.E—425B.C.E) ਨੇ Scythians ਦਾ ਨਾਮ ਦਿੱਤਾ। ਹੀਰੋਡੋਟਸ ਨੂੰ ਇੱਤਿਹਾਸ ਲਿਖਣ ਦਾ ਮੋਢੀ ਮੰਨਿਆਂ ਜਾਂਦਾ ਹੈ। ਮੰਨੇ ਪ੍ਰਮੰਨੇ ਸੱਭ ਇੱਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਇਹ Scythians ਹੀ ਅੱਜ ਦੇ ਜੱਟ ਹਨ। ਅਸਲ ਵਿੱਚ ਤਾਂ ਇਹ ਕਹਿਣਾਂ ਚਾਹੀਦਾ ਹੈ ਕਿ “ਉਹ ਜੱਟ ਹੀ ਸਨ ਜਿਹਨਾਂ ਨੂੰ Herodotus ਨੇ Scythians ਕਿਹਾ” ਅਗਲੇ ਪੰਜ ਸੌ ਸਾਲ 1000 B.C.E ਤੋਂ 500 B.C.E ਤੱਕ ਦਾ ਪੰਜਾਬ ਦਾ ਇੱਤਿਹਾਸ ਬੜਾ ਧੁੰਧਲਾ ਹੈ। ਬਹੁੱਤੇ ਆਰੀਆ ਪੰਜਾਬ ਨੂੰ ਛੱਡਕੇ ਗੰਗਾ ਜਮਨਾ ਦੇ ਇਲਾਕੇ ਵਿੱਚ ਚਲੇ ਗਏ। ਮੱਧ ਏਸ਼ੀਆ ਦੇ ਨਵੇਂ ਧਾੜਵੀ ਕਬੀਲੇ Scythians ਪੰਜਾਬ ਵਿੱਚ ਆਉਣੇ ਸ਼ੁਰੂ ਹੋ ਗਏ। ਇਹ ਲੋਕ ਵੀ ਆਰੀਆ ਨਸਲ ਨਾਲ ਹੀ ਸਬੰਧਤ ਸਨ। ਚਤੁਰ ਵਰਣ ਦੇ ਬ੍ਰਾਹਮਣ ਆਰੀਆ ਅਤੇ ਇਹਨਾਂ ਜੱਟ ਆਰੀਆ ਵਿੱਚ ਤਿੰਨ ਵੱਡੇ ਮੱਤ ਭੇਦ ਸਨ।

1.ਇਹ ਜੱਟ (Scythians) ਬ੍ਰਾਹਮਣ ਧਰਮ ਨੂੰ ਨਹੀਂ ਮੰਨਦੇ ਸੀ। 2.ਇਹ ਚਤੁਰ ਵਰਣ ਦੇ ਜਾਤ ਪਾਤ ਨੂੰ ਵੀ ਨਹੀਂ ਸੀ ਮੰਨਦੇ। 3.ਇਹਨਾਂ ਲੋਕਾਂ ਵਿੱਚ ਵਿਧਵਾ ਵਿਆਹ ਦੀ ਇਜਾਜਤ ਸੀ। ਇਹਨਾਂ ਗੱਲਾਂ ਕਰਕੇ ਦੋਹਾਂ ਧਿਰਾਂ ਦੀ ਦੇਵ ਅਤੇ ਅਸੁਰ ਵਾਲੀ ਪੁਰਾਣੀ ਦੁਸ਼ਮਣੀ ਹੋਰ ਵੀ ਵੱਧ ਗਈ। ਗੰਗਾ ਦੇ ਬ੍ਰਾਹਮਣ ਦੀ ਕਲਮ ਹੋਰ ਜਹਿਰੀਲੀ ਹੋ ਗਈ। ਪੰਜਾਬ ਅਤੇ ਸਿੰਧ ਨੂੰ ਰਾਕਸ਼ਾਂ ਦੀ ਅਪਵਿੱਤਰ ਧਰਤੀ ਕਿਹਾ ਜਾਣ ਲੱਗ ਪਿਆ।

"Orthodox Hindus are still unwilling to cross the Indus, and the whole of west Punjab between that river and Sutlej is condemned as unholy ground, unfit for the residence of strict votaries of Dharma" (Oxford History of India by V.A Smith)

"The jat's spirit of freedom and equality refused to submit to Brahminical Hinduism and in its turn drew the censure of the privileged Brahmins of the Gangetic plain who pronounced that "No Aryan should stay in the Punjab for even two days because the Punjabis refused to obey the Brahmin priests".(A History of Sikhs by Kushwant Singh)

ਜੋ ਵੀ ਕੋਈ ਸੱਤਲੁਜ ਤੋਂ ਪੱਛਮ ਵਾਲੇ ਇਲਾਕੇ ਦਾ ਜੰਮਪਲ ਸੀ ਉਹ ਗੰਗਾ ਦੇ ਬ੍ਰਾਹਮਣ ਲਈ ਮਲੇਸ਼, ਰਾਕਸ਼ੱਸ, ਦੈਂਤ, ਦਾਨਵ ਅਤੇ ਅਸੁਰ ਸੀ। ਇਹ ਦੈਂਤ ਅਤੇ ਦਾਵਨ ਖਾੜਕੂ ਤਾਂ ਜਰੂਰ ਸਨ ਪਰ ਉੱਚੇ ਅਤੇ ਸੁੱਚੇ ਆਚਰਣ ਵਾਲੇ ਲੋਕ ਸਨ। ਇਹ ਅਸੁਰ ਹੀ ਅਸਲ ਵਿੱਚ ਆਰੀਆ (Noble) ਕਹਾਉਣ ਦੇ ਹੱਕਦਾਰ ਸਨ। ਇਹ ਲੋਕ ਜਾਤ, ਪਾਤ ਅਤੇ ਊਚ ਨੀਚ ਵਿੱਚ ਨਹੀ ਸਗੋਂ ਬਰਾਬਰੀ ਅਤੇ ਭਾਈਚਾਰੇ ਵਿੱਚ ਯਕੀਨ ਕਰਦੇ ਸਨ। ਵਿਧਵਾ ਨੂੰ ਮੁੜ ਵਿਆਹ ਕਰਾਕੇ ਜੀਣ ਦਾ ਹੱਕ ਦਿੰਦੇ ਸਨ। ਗੰਗਾ ਦੇ ਬ੍ਰਾਹਮਣ ਨੂੰ ਇਹ ਗੱਲ ਇੱਕ ਅੱਖ ਨਹੀ ਸੀ ਭਾਉਂਦੀ। ਹੁਣ ਤੁਸੀਂ ਨਿਆਂ ਕਰੋ ਕਿ ਉੱਚੇ ਆਦਰਸ਼ ਅਤੇ ਇਨਸਾਨੀ ਪੱਧਰ ਉੱਤੇ ਚੱਲਣ ਵਾਲੇ ਕੋਣ ਸਨ? ਉਹ ਬ੍ਰਾਹਮਣ ਜਿਹਨਾਂ ਨੇ ਜਾਤ ਪਾਤ ਅਤੇ ਊਚ ਨੀਚ ਦਾ ਘਿਨੋਨਾ ਪ੍ਰਬੰਧ ਬਣਾਇਆ। ਵਿਧਵਾ ਔਰਤ ਨੂੰ ਜੀਣ ਦਾ ਹੱਕ ਨਹੀ ਦਿੱਤਾ। ਜੇ ਕਿਸੇ ਨੇ ਗਲਤੀ ਨਾਲ ਵੀ ਵੇਦਾਂ ਦਾ ਸ਼ਲੋਕ ਸੁਣ ਲਿਆ ਤਾਂ ਉਹਦੇ ਕੰਨਾਂ ਵਿੱਚ ਪਿੱਘਲਿਆ ਸ਼ੀਸ਼ਾ ਪਵਾ ਦਿਤਾ। ਜਾਂ ਫਿਰ ਉਹ ਜੱਟ ਜੋ ਇਨਸਾਨ ਦੀ ਅਜ਼ਾਦੀ ਅਤੇ ਬਰਾਬਰੀ ਵਿੱਚ ਯਕੀਨ ਰੱਖਦਾ ਸੀ। ਜੱਟ ਭਾਈਚਾਰਾ ਜਿਸ ਵਿਚ ਕੋਈ ਵੱਡਾ ਛੋਟਾ ਨਹੀ, ਇਨਸਾਨੀ ਬਰਾਬਰੀ ਦੀ ਅਜ਼ੀਮ ਮਿਸਾਲ ਹੈ। ਜੱਟ ਰਿਵਾਜ ਮੁਤਾਬਕ ਵਿਧਵਾ ਵਿਆਹ ਉੱਤੇ ਕੋਈ ਰੋਕ ਟੋਕ ਨਹੀ।

ਖੇਤੀ ਬਾੜੀ ਅਤੇ ਸੈਨਿਕੀ ਜੱਟ ਦੇ ਆਮ ਪੇਸ਼ੇ ਹਨ। ਪਰ ਇੱਸਦਾ ਇਹ ਮਤਲਬ ਨਹੀਂ ਕਿ ਜੋ ਵੀ ਕੋਈ ਖੇਤੀ ਬਾੜੀ ਕਰਨ ਲੱਗ ਪਵੇ ਉਹ ਜੱਟ ਹੈ। ਜੱਟ ਇੱਕ Race ਦਾ ਨਾਮ ਹੈ। ਜੱਟ ਜੇ ਖੇਤੀ ਬਾੜੀ ਛੱਡਕੇ ਕੁਝ ਹੋਰ ਕੰਮ ਕਰਨ ਲੱਗ ਪਵੇ ਤਾਂ ਉਹ ਫਿਰ ਵੀ ਜੱਟ ਹੀ ਰਹੇਗਾ। ਧਰਮ ਜਾਂ ਪੇਸ਼ਾ ਬਦਲਣ ਨਾਲ Genetic ਵਿਰਸਾ ਨਹੀ ਬਦਲਦਾ। ਜੱਟ ਦੀ ਪਹਿਚਾਨ ਹੈ ਉਹਦਾ ਸਿੱਧਾ ਸਾਦਾ ਪਰ ਸਖਤ ਸੁਭਾ। ਜੱਟ ਦਾ ਹੱਥ, ਜਾਂ ਹੱਲ ਦੀ ਹੱਥੀ ਉੱਤੇ ਜਾਂ ਤਲਵਾਰ ਦੀ ਹੱਥੀ ਉੱਤੇ। ਆਰੀਆ ਪਹਿਚਾਨ ਵਾਲੇ ਨੈਣ ਨਕਸ਼ ਜੱਟ ਨੂੰ ਹਿੰਦੁਸਤਾਨ ਦੇ ਆਦਵਾਸੀ ਨਾਲੋਂ ਵੱਖਰਾ ਖੜਾ ਕਰਦੇ ਹਨ। ਏਸੇ ਵੱਖਰੇਪਣ ਨੂੰ ਸਮਝਣ ਲਈ ਅੰਗਰੇਜ਼ ਇੱਤਿਹਾਸਕਾਰਾਂ ਨੇ ਜੱਟ ਦੇ ਪਿਛੋਕੜ ਦੀ ਖੋਜ ਸ਼ੁਰੂ ਕੀਤੀ। ਇਸ ਵਿੱਚ ਕੋਈ ਸ਼ੱਕ ਨਹੀ ਕਿ ਇਸ ਖੋਜ ਦੇ ਨਤੀਜੇ ਨੂੰ ਅੰਗਰੇਜ਼ਾਂ ਨੇ ਆਪਣੇ ਹਿੱਤ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ। ਲਾਰਡ ਕਰਜ਼ਨ ਦੇ ਵੇਲੇ ਦੇ ਅੰਗਰੇਜ਼ ਦਾ ਕਹਿਣਾਂ ਸੀ ਕਿ ਸਿਰਫ ਆਦਵਾਸੀ ਹੀ ਭਾਰਤਵਾਸੀ ਹਨ ਅਤੇ ਬਾਕੀ ਸੱਭ ਬਾਹਰੋਂ ਆਏ ਵਿਦੇਸ਼ੀ ਹਨ। ਜੱਟ ਔਰਤ (ਜੱਟੀ) ਅਤੇ ਗੁੱਜਰ ਔਰਤ (ਗੁੱਜਰੀ) ਦੀ ਸੁੰਦਰਤਾ ਦੁਨੀਆ ਭਰ ਵਿੱਚ ਮਸ਼ਹੂਰ ਹੈ। ਰਾਣੀ ਰੂਪਮਤੀ ਅਤੇ ਰਾਣੀ ਪਦਮਣੀ ਦੀ ਸੁੰਦਰਤਾ ਇੱਤਿਹਾਸਕਾਰੀ ਹੈ। ਹਾਂ ਇਹ ਰਾਜਪੂਤ ਰਾਣੀਆਂ ਸਨ ਪਰ ਯਾਦ ਰਹੇ ਕਿ ਉਹ ਜੱਟ ਅਤੇ ਗੁੱਜਰ ਹੀ ਸਨ ਜੋ ਹਿੰਦੂ ਧਰਮ ਅਖਤਿਆਰ ਕਰਕੇ ਰਾਜਪੂਤ ਅਖਵਾਏ। ਹੀਰ ਰਾਂਝਾ, ਸੱਸੀ ਪੁੰਨੂ, ਮਿਰਜ਼ਾ

ਸਾਹਿਬਾਂ ਦੇ ਕਿੱਸੇ ਇਹ ਸਾਬਤ ਕਰਦੇ ਹਨ ਕਿ ਮੈਦਾਨੇ ਜੰਗ ਹੀ ਨਹੀਂ ਬਲਿਕੇ ਆਸ਼ਕੀ ਵਿੱਚ ਵੀ ਜੱਟ ਦੇ ਕੋਈ ਬਰਾਬਰ ਨਹੀ।

ਵੰਡ ਤੋਂ ਪਹਿਲਾਂ ਦੇ ਪੰਜਾਬ ਵਿੱਚ ਹਰ ਪੰਜ ਬੰਦਿਆਂ ਪਿੱਛੇ ਦੋ ਜੱਟ ਸਨ। ਬਹੁ ਗਿਣਤੀ ਹਿੰਦੂ ਜੱਟ ਰਾਜਸਥਾਨ, ਹਰਿਆਣਾਂ ਅਤੇ ਉੱਤਰ ਪ੍ਰਦੇਸ ਵਿੱਚ ਹਨ। Sir Denzil Ibbetson ਸੰਨ 1881 ਦੀ ਰੀਪੋਰਟ ਵਿੱਚ ਲਿਖਦਾ ਹੈ "The Jat is in every respect the most important of the Punjab peoples…. Ethnologically he is the peculiar and most prominent product of the plains of the five rivers….. His manners do not bear the impress of generations of wild freedom which marks the races of our frontier mountains. But he is more honest, more industrious, more sturdy and no less manly than they….. As a rule The Jat is a man who does what seems right in his own eyes. He is independent and he is self willed, he is reasonable , peaceably inclined if left alone….. Among the widow-marrying castes he stands first. The Banya with his sacred thread, his strict Hinduism and twice born standing looks down on the Jat. But the Jat looks down upon the Banya as a cowardly spirtless Money-grubber, and society in general agrees with the Jat".

ਕਈ ਅੰਗਰੇਜ ਫੌਜੀ ਅਫਸਰਾਂ ਨੇ ਜੱਟਾਂ ਬਾਬਤ ਆਪਣੇ ਆਪਣੇ ਵਿਚਾਰ ਲਿਖੇ ਹਨ। ਉਹਨਾਂ ਵਿਚੋਂ ਕੁਝ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

"The Jats from whom sprang the Sikh, these are typical Jats of the Punjab, which include those great Sikh Jat tribes (clans), who have made the race so renowned in recent history. (Capt. Falcon, R.W)

"The Sikh Jat is generally tall and muscular, with well shaped limbs, erect carriage, and strongly marked and handsome features. The Jat Sikhs have always been famous for their fine physique and are surpassed by no race in India for high-bred looks, smartness, and soldier by bearing. They make admirable soldiers, when well led, inferior to no native race in India, with more dogged courage than dash, steady in the field, and trustworthy in difficult circumstances----. The mass of Jat Sikh population may fairly be said to be contented and law-abiding".(Maj. Barstow A.E )

"The Jats of the Punjab proper (in modern Punjab almost all of them belong to the Sikh faith) have been truly described as the backbone of the province by character and physique, as well as by numbers and locality. They are stalwart sturdy yeomen, of great independence, industry, and agricultural skill, and collectively form perhaps the finest peasantry in India. Sturdy independence, and patient vigorous labour, are perhaps the strongest characteristics of the Jat Sikhs. The typical Jat Sikh is faithful and true to his employer, seldom shows insubordination, and with a good deal of self-esteem has higher standard of honour than is common among most Orientals"(Capt. Bingley A.H)

General Sir MacMunn ਦੁਨੀਆਂ ਦੀ ਪਹਿਲੀ ਵੱਡੀ ਜੰਗ ਵਿੱਚ ਹਿੱਸਾ ਲੈਣ ਵਾਲੇ ਸਿੱਖ ਜੱਟਾਂ ਬਾਬਤ ਲਿਖਦਾ ਹੈ ਕਿ ਇਹ ਲੋਕ ਕੈਂਟ ਇੰਗਲੈਂਡ ਅਤੇ ਜੱਟ ਲੈਂਡ ਡੈਨਮਾਰਕ ਵਾਲੇ ਜੱਟਾਂ ਦੇ ਪ੍ਰਾਚੀਨ ਸਬੰਧੀ ਹਨ।

"The martial races shall stride across the stage ----as they swung through Marseilles (France) with half the girls of France on their arms----that Marseilles that went beside itself to see the smoke stacks and masts of the mighty. Armada that brought the Army of India. The Jat Sikhs mighty and curled of bears, kins of the men of Kent ( England), the Jutes from Jutland----".

Colonel Sleeman, ਮਹਾਂਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਨੂੰ ਜਲਾਵਤਨ ਕਰਨ ਵੇਲੇ ਇਹ ਕਹਿਕੇ ਤਸੱਲੀ ਦਿੰਦਾ ਹੈ ਕਿ ਕੈਂਟ ਦੇ ਜੱਟ ਲੋਕ ਤੇਰੇ ਆਪਣੇ ਲੋਕ ਹਨ। " I see you are going to live in Kent. You will be among your own people there, for you are a Jat and the men of Kent are Jats from Jutland"

## ਮੱਧ ਏਸ਼ੀਆ ਦੇ ਪ੍ਰਾਚੀਨ ਜੱਟ ਰਾਜੇ

780 B.C.E ਰਾਜਾ ਦੇਵਕਾ (Deoices) ਨੇ ਮੱਧ ਏਸ਼ੀਆ ਵਿੱਚ ਮੰਡ (Medes) ਜੱਟਾਂ ਦਾ ਰਾਜ ਸਥਾਪਤ ਕੀਤਾ ਅਤੇ Ecbatana (ਹਮਾਂਦਾਨ) ਨੂੰ ਆਪਣੀ ਰਾਜਧਾਨੀ ਬਣਾਇਆ। ਅੱਜ ਇਹ ਇਲਾਕਾ ਇਰਾਨ ਵਿੱਚ ਪੈਂਦਾ ਹੈ। ਮੰਡ ਜੱਟਾਂ ਨੂੰ ਇੱਤਿਹਾਸਕਾਰ ਗਲਤੀ ਨਾਲ Medes ਲਿਖਦੇ ਰਹੇ ਹਨ। "In the last quarter of the eighth century B.C, the area of Azerbaijan to the south of Lake Urumiya was inhabited as always by various Jat clans. The two clans whose names had come down in history are called the Mannai and the Mandas. These two clans are nowadays called in India as the Manns and the Mandas. The early historians mistakenly called these Manda Jats the Meds. " This mistake was detected when the monuments of Nabonodus and Cyrus were unearthed. It was then discovered that the whole history was based on a philological mistake. It was found that the name of the empire and its people was not Medes but Manda,"(Jats The Ancient Rulers)

ਦੇਵਕਾ ਦੇ ਪੁੱਤਰ ਫਰਾਵਰਤੀ ਨੇ ਪਹਿਲਾਂ ਪਰਸ਼ੀਅਨ ਇਲਾਕਾ ਜਿੱਤਿਆ ਅਤੇ ਫਿਰ ਅਸੀਰੀਆ ਦੇ ਬੱਲ ਰਾਜ ਉੱਤੇ ਹਮਲਾ ਕੀਤਾ ਪਰ ਬੁਰੀ ਤਰਾਂ ਹਾਰਿਆ ਅਤੇ ਆਪਣੀ ਜਾਨ ਵੀ ਗਵਾ ਬੈਠਾ। 612 B.C.E ਵਿੱਚ ਫਰਾਵਰਤੀ ਦੇ ਪੁੱਤਰ ਹੁਵਾ ਕਸ਼ੱਤਰਾ ਨੇ ਆਪਣੇ ਪਿਤਾ ਦੀ ਮੌਤ ਅਤੇ ਹਾਰ ਦਾ ਬਦਲਾ ਲੈਣ ਲਈ ਮਾਨ, ਮੰਡ ਅਤੇ ਕਈ ਹੋਰ ਸਿੱਥੀਅਨ ਜੱਟ ਕਬੀਲਿਆਂ ਨੂੰ ਆਪਣੇ ਨਾਲ ਰਲਾ ਕੇ ਇੱਕ ਵਾਰ ਫਿਰ ਅਸੀਰੀਆ ਦੀ ਰਾਜਧਾਨੀ ਨਿਨਵੇਹ ਉੱਤੇ ਹਮਲਾ ਕੀਤਾ। ਹੁਵਾ ਕਸ਼ਤਰਾ ਅਤੇ ਉਸਦੇ ਸੰਗਠਨ ਦੀ ਜਿੱਤ ਹੋਈ। ਇਸਤਰਾਂ ਅਸੀਰੀਆ ਦੇ ਬੱਲ ਰਾਜ ਦਾ ਖਾਤਮਾ ਹੋਇਆ ਅਤੇ ਮੰਡ ਰਾਜ ਦੀ ਸਥਾਪਨਾ ਹੋਈ।

ਹੁਵਾ ਕਸ਼ੱਤਰਾ ਦੀ ਮੌਤ ਤੋਂ ਬਾਦ ਉਹਦਾ ਪੁੱਤਰ ਅਸਤਾਵੇਗੁ ਰਾਜਾ ਬਣਿਆਂ। ਅਸਤਾਵੇਗੁ ਦੀ ਧੀ ਦਾ ਨਾਮ ਮੰਡੇਨ ਸੀ। ਇੱਕ ਸੁਪਨੇ ਮੁਤਾਬਕ ਅਸਤਾਵੇਗੁ ਦੀ ਜਾਨ ਅਤੇ ਰਾਜ ਭਾਗ ਨੂੰ ਉਹਦੀ ਧੀ ਦੀ ਔਲਾਦ ਹੱਥੋਂ ਖਤਰਾ ਸੀ। ਇਸ ਖਤਰੇ ਤੋਂ ਬਚਣ ਲਈ ਅਸਤਾਵੇਗੁ ਨੇ ਆਪਣੀ ਧੀ ਮੰਡੇਨ ਦੀ ਸ਼ਾਦੀ ਇੱਕ ਮਾਮੂਲੀ ਪਰਸ਼ੀਅਨ ਚਰਵਾਹੇ ਨਾਲ ਕਰ ਦਿੱਤੀ। ਪਰਸ਼ੀਅਨ ਉਹਨਾਂ ਦਿਨਾਂ ਵਿੱਚ ਮੰਡਾਂ ਦੇ ਗੁਲਾਮ ਹੁੰਦੇ ਸਨ। ਕੁਝ ਸਾਲਾਂ ਬਾਦ ਮੰਡੇਨ ਬੱਚੇ ਨੂੰ ਜਨਮ ਦੇਣ ਲਈ ਪੇਕੇ ਘਰ ਆਈ। ਜੱਟਾਂ ਦਾ ਇਹ ਰਿਵਾਜ਼ ਹੈ ਕਿ ਪਹਿਲਾ ਬੱਚਾ ਨਾਨਕੇ ਘਰ ਹੀ ਜੰਮਦਾ ਹੈ। ਮੰਡੇਨ ਦੇ ਪੁੱਤਰ ਜੰਮਿਆਂ ਸੁਣਕੇ ਅਸਤਾਵੇਗੁ ਨੇ ਆਪਣੇ ਮੁੱਖ ਸੈਨਾਪਤੀ ਹਰਭਾਗ ਨੂੰ ਇਹ ਹੁਕਮ ਦਿੱਤਾ ਕਿ ਨਵ ਜੰਮੇ ਬਾਲਕ ਨੂੰ ਜਾਨੋਂ ਮਾਰ ਦਿਤਾ ਜਾਵੇ। ਹਰਭਾਗ ਰਹਿਮ ਦਿਲ ਆਦਮੀ ਸੀ। ਉਹਨੇ ਬੱਚਾ ਇੱਕ ਚਰਵਾਹੇ ਨੂੰ ਦੇ ਦਿੱਤਾ ਅਤੇ ਰਾਜੇ ਨੂੰ ਕਹਿ ਦਿੱਤਾ ਕਿ ਬੱਚਾ ਮਾਰ ਦਿੱਤਾ ਹੈ। ਚਰਵਾਹੇ ਨੇ ਇਸ ਬੱਚੇ ਦਾ ਨਾਮ ਸਾਇਰਸ ਰੱਖਿਆ। ਸਾਇਰਸ ਨੇ ਵੱਡਾ ਹੋਕੇ ਸੈਨਾਪਤੀ ਹਰਭਾਗ ਦੀ ਮਦਦ ਨਾਲ ਅਸਤਾਵੇਗੁ ਨੂੰ ਮਾਰ ਕੇ ਮੰਡ ਰਾਜ ਦਾ ਅੰਤ ਕੀਤਾ। ਇਸਤਰਾਂ ਪਰਸ਼ੀਅਨ ਦਾ ਪੁੱਤਰ ਅਤੇ ਜੱਟਾਂ ਦਾ ਦੋਹਤਰਾ ਸਾਇਰਸ ਸਾਰੇ ਏਸ਼ੀਆ ਦਾ ਰਾਜਾ ਬਣਿਆ ਅਤੇ ਸਾਇਰਸ ਮਹਾਨ ਅਖਵਾਇਆ।

ਮੰਡ ਵੀ ਜੱਟਾਂ ਦਾ ਹੀ ਇਕ ਕਬੀਲਾ ਹੈ। ਇਹ ਮੱਧ ਏਸ਼ੀਆ ਤੋਂ ਪੰਜਾਬ ਅਤੇ ਸਿੰਧ ਕਿਵੇਂ ਪਹੁੰਚੇ? ਇੱਕ ਸੰਭਾਵਨਾ ਇਹ ਹੈ ਜੱਦ ਮੱਧ ਏਸ਼ੀਆ ਦੇ ਮੰਡਾਂ ਦਾ ਰਾਜ ਪੂਰੇ ਜੋਰ ਵਿੱਚ ਸੀ ਉਸ ਵਕਤ ਉਹ ਸਿੰਧ ਅਤੇ ਪੰਜਾਬ ਉੱਤੇ ਵੀ ਕਾਬਜ਼ ਸਨ। ਅਤੇ ਦੂਜੀ ਸੰਭਾਵਨਾ ਇਹ ਹੈ ਕਿ ਪਰਸ਼ੀਅਨ ਹੱਥੋਂ ਆਪਣਾ ਰਾਜ ਭਾਗ ਖੁਹਾਉਣ ਤੋਂ ਬਾਦ ਪਰਸ਼ੀਅਨ ਦੀ ਗੁਲਾਮੀ ਤੋਂ ਬੱਚਣ ਲਈ ਉਹ ਸਿੰਧ ਅਤੇ ਪੰਜਾਬ ਵੱਲ ਭੱਜ ਆਏ। ਮੇਰੇ ਨਿੱਜੀ ਖਿਆਲ ਮੁਤਾਬਕ ਪਹਿਲੀ ਗੱਲ ਠੀਕ ਲੱਗਦੀ ਹੈ। ਕਿਉਕਿ 600 B.C.E ਮਹਾਂਭਾਰਤ ਦੇ ਯੁੱਧ ਸਮੇ ਮੰਡ ਪੰਜਾਬ ਅਤੇ ਜੱਟ ਸਿੰਧ ਵਿੱਚ ਵੱਸਦੇ ਸਨ। ਉਂਞ ਵੀ ਪਰਸ਼ੀਅਨ ਅਤੇ ਮੰਡ ਬੈਬਲਾਨ ਦੇ ਵਿਰਸੇ ਵਾਲੇ ਇਕੋ ਨਸਲ ਦੇ ਹੀ ਲੋਕ ਹਨ। ਸਾਇਰਸ ਨੇ ਆਪਣੀ ਜਿੱਤ ਤੋਂ ਬਾਦ ਮੰਡਾਂ ਨੂੰ ਆਪਣੀ ਫੋਜ ਵਿੱਚੋਂ ਨਹੀ ਕਢਿਆ ਅਤੇ ਨਾਂ ਹੀ ਮੰਡਾਂ ਦੀ ਰਾਜਧਾਨੀ ਅਕਬਤਾਨਾ ਨੂੰ ਤਬਾਹ ਕੀਤਾ।

ਮਹਾਂਭਾਰਤ ਦੇ ਸੂਤਰਾਂ ਮੁਤਾਬਕ ਜੱਟ ਅਤੇ ਉਹਨਾਂ ਦੇ ਮੰਡ ਭਰਾ ਸਿੰਧ ਅਤੇ ਪੰਜਾਬ ਦੇ ਵਸਨੀਕ ਹਨ ਜੋ ਆਪਸ ਵਿੱਚ ਲੱੜਦੇ ਝਗੜਦੇ ਰਹਿੰਦੇ ਸਨ। ਕੌਰਵਾਂ ਦੀ ਭੈਣ ਦੁਸਾਲਾ ਸੰਧੂ ਜੱਟ ਰਾਜੇ ਜੈਦਰਥ ਨਾਲ ਵਿਆਹੀ ਸੀ। ਨੁਕਲ ਅਤੇ ਸਹਿਦੇਵ ਦੀ ਮਾਤਾ ਮਾਦਰੀ ਪੰਜਾਬ ਦੇ ਮੰਡ ਜੱਟਾਂ ਦੀ ਧੀ ਸੀ। ਅਰਬੀ ਸੂਤਰਾਂ ਮੁਤਾਬਕ ਵੀ ਜੱਟ ਅਤੇ ਮੰਡ ਪੰਜਾਬ ਅਤੇ ਸਿੰਧ ਵਿੱਚ ਹਨ। ਮਜਮੁੱਲਾ ਤਵਾਰੀਖ ਅਨੁਸਾਰ ਜੱਟ ਅਤੇ ਮੰਡ ਨੋਵਾ (Noah) ਦੇ ਪੁੱਤਰ ਹੱਮ ਦੀ ਔਲਾਦ ਹਨ। ਜੱਟ ਦਰਿਆ ਸਿੰਧ ਦੇ ਇੱਕ ਕੰਡੇ ਅਤੇ ਮੰਡ ਦੂਜੇ ਕੰਡੇ ਰਹਿੰਦੇ ਹਨ। ਅਰਬ ਲਿਖਾਰੀ ਅਲ ਇੱਦਰੀਸੀ ਅਤੇ ਇਬਨ ਹੁਕਾਲ ਵੀ ਮੰਡਾਂ ਨੂੰ ਦਰਿਆ ਸਿੰਧ ਕੰਡੇ ਮੁਲਤਾਨ ਤੋਂ ਅਰਬ ਸਾਗਰ ਤੱਕ ਖਿਲਰੇ ਲਿਖਦੇ ਹਨ। ਅਰਬ ਜਰਨੈਲ ਮੁਹੰਮਦ ਬਿਨ ਕਾਸਮ ਵੀ ਸੌਰਾਸ਼ਟਰ ਦੇ ਮੰਡਾਂ ਨਾਲ ਕੀਤੀ ਸੰਧੀ ਦਾ ਜ਼ਿਕਰ ਕਰਦਾ ਹੈ। ਮੱਲੀ ਜੱਟਾਂ ਦੇ ਵਸਾਏ ਮੁਲਤਾਨ ਦਾ ਪ੍ਰਾਚੀਨ ਨਾਮ ਮੱਲੀਸਤਾਨ ਸੀ। ਭਾਰਤੀ ਪੰਜਾਬ ਦੇ ਬਹੁੱਤੇ ਜੱਟ ਵੀ ਆਪਣੀ ਪਿਛੋਕੜ ਬਹਾਵਲਪੁਰ ਨਾਲ ਜੋੜਦੇ ਹਨ ਜੋ ਮੁਲਤਾਨ ਤੋਂ ਬਹੁੱਤੀ ਦੂਰ ਨਹੀ। ਮੁਗਲਾਂ ਦੇ ਵੇਲੇ ਪੰਜਾਬ ਵਿੱਚ ਬਹਾਵਲਪੁਰ ਉੱਤੇ ਬੱਲਾਂ ਦਾ ਰਾਜ ਸੀ ਜਿਸਨੂੰ ਦੇਵਗੜ ਦੇ ਰਾਜੇ ਦੇਵਰਾਜ ਭੱਟੀ ਨੇ ਤਬਾਹ ਕਰ ਦਿੱਤਾ। "Yain Seemakrta nityatriven Balldeshyoh. Bhatti-kan Devraj Yoh Balmandalpalakam"

( General Royal Asiatic Society)

ਪਰ ਯਾਦ ਰਹੇ ਕਿ ਜੱਟਾਂ ਦਾ ਪ੍ਰਾਚੀਨ ਘਰ ਪਾਮੀਰ ਪਰਬਤ ਅਤੇ ਮੱਧ ਏਸ਼ੀਆ ਹੀ ਹੈ ਜਿਥੋਂ ਉਹ ਸਿੰਧ ਪੰਜਾਬ ਅਤੇ ਬਾਕੀ ਦੀ ਸਾਰੀ ਦੁਨੀਆਂ ਵਿੱਚ ਖਿੱਲਰੇ।

## ਮੌਰੀਆ (ਮੌੜ੍ਹ ਜੱਟ) ਕੁਸ਼ਨ (YueChi-Guti ਜੱਟ) ਗੁਪਤਾ (ਧਾਰਾਨ ਜੱਟ)

543 B.C.E ਵਿੱਚ ਮੱਗਧ (ਬਿਹਾਰ) ਦਾ ਰਾਜਾ ਬਿੰਬੀਸਾਰ ਕੁਸਾਲਾ ਦੀ ਰਾਜਕੁਮਾਰੀ ਨਾਲ ਵਿਆਹ ਕਰਾਕੇ ਦੋਹਾਂ ਰਾਜਾਂ ਦਾ ਮਾਲਕ ਬਣ ਗਿਆ। ਅਜਾਤਸ਼ਤਰੂ ਆਪਣੇ ਪਿਤਾ ਬਿੰਬੀਸਾਰ ਨੂੰ ਕੈਦ ਕਰਕੇ ਆਪ ਰਾਜਾ ਬਣ ਬੈਠਾ। ਅਜਾਤਸ਼ਤਰੂ ਨੇ ਪਾਟਲੀਪੁੱਤਰ (ਪਟਨਾ) ਸ਼ਹਿਰ ਵਸਾਇਆ। ਅਜਾਤਸ਼ਤਰੂ ਅਤੇ ਉਹਦਾ ਪਿਤਾ ਬਿੰਬੀਸਾਰ ਕੌਣ ਲੋਕ ਸਨ? ਪਾਟਲੀਪੁੱਤਰ ਦੀ ਖੋਦਾਈ ਤੋਂ ਇਹ ਸਾਬਤ ਹੁੰਦਾ ਹੈ ਕਿ ਇਸ ਸ਼ਹਿਰ ਦਾ ਨਕਸ਼ਾ ਮੱਧ ਏਸ਼ੀਆ ਦੇ ਮੰਡ ਜੱਟਾਂ ਦੀ ਰਾਜਧਾਨੀ ਅਕਬਤਾਨਾ (Ecbatana) ਨਾਲ ਹੂ ਬਹੂ ਮਿਲਦਾ ਹੈ। ਇੱਸ ਤੋਂ ਇੱਕ ਹੋਰ ਸੰਭਾਵਨਾ ਬਣਦੀ ਹੈ ਕਿ ਸਿੰਧ ਅਤੇ ਪੰਜਾਬ ਹੀ ਨਹੀ ਸਾਰਾ ਉੱਤਰੀ ਭਾਰਤ ਮੱਧ ਏਸ਼ੀਆ ਦੇ ਮੰਡ ਜੱਟਾਂ ਦੇ ਅਧੀਨ ਸੀ।

326 B.C.E ਵਿੱਚ ਸਿਕੰਦਰ, ਪਰਸ਼ੀਅਨ ਰਾਜੇ ਦਾਰੀਅਸ ਨੂੰ ਹਰਾਕੇ ਭਾਰਤ ਵੱਲ ਵੱਧਿਆ। ਸਿਕੰਦਰ ਅਤੇ ਪੋਰਸ ਦੀ ਜੰਗ ਦਾ ਹਾਲ ਜੋ ਸਾਡੇ ਤੱਕ ਪਹੁੰਚਾ ਉਹ ਸਿਕੰਦਰ ਦੇ ਤਨਖਾਹੀਏ ਇੱਤਿਹਾਸਕਾਰਾਂ ਦਾ ਲਿਖਿਆ ਹੈ। ਕੁਦਰਤੀ ਗੱਲ ਹੈ ਕਿ ਉਹਨਾਂ ਨੇ ਆਪਣੇ ਮਾਲਕ ਦੀ ਸ਼ਾਨ ਵਿੱਚ ਕਸੀਦੇ ਲਿੱਖੇ ਹਨ। ਭਾਰਤੀ ਸਕੂਲਾਂ ਵਿੱਚ ਪੜ੍ਹੇ ਲੋਕ ਇਹ ਤਾਂ ਜਾਣਦੇ ਹਨ ਕਿ ਸਿਕੰਦਰ ਮਕਦੂਨੀਆਂ ਦਾ ਰਾਜਾ ਸੀ ਅਤੇ ਉਹਦੇ ਪਿਤਾ ਦਾ ਨਾਮ ਫਿਪਲ ਸੀ ਅਤੇ ਕਿਵੇਂ ਉਹਨੇ ਛੋਟੀ ਉਮਰ ਵਿੱਚ ਇੱਕ ਖਤਰਨਾਕ ਘੋੜੇ ਨੂੰ ਕਾਬੂ ਕਰ ਲਿਆ।ਪਰ ਇਹ ਕੋਈ ਨਹੀ ਜਾਣਦਾ ਕਿ ਪੋਰਸ ਕੌਣ ਸੀ? ਅਤੇ ਉਹਦੇ ਪਿਤਾ ਦਾ ਜਾਂ ਮਾਤਾ ਦਾ ਕੀ ਨਾਮ ਸੀ? ਉਹਦਾ ਬੱਚਪਨ ਕਿਵੇਂ ਗੁਜ਼ਰਿਆ?

ਸਿਕੰਦਰ ਦਾ ਮੰਤਵ ਸੀ ਸਾਰੀ ਦੁਨੀਆਂ ਨੂੰ ਫਤ੍ਹੇ ਕਰਨਾ। ਫਿਰ ਉਹ ਇਹ ਕੰਮ ਅਧੂਰਾ ਛੱਡਕੇ ਵਾਪਸ ਕਿਉਂ ਮੁੜ੍ਹ ਗਿਆ? ਲਕੀਰ ਦੇ ਫਕੀਰ ਇੱਤਿਹਾਸਕਾਰ ਉਪਰੋਕਤ ਸਵਾਲ ਦੇ ਦੋ ਜਵਾਬ ਦਿੰਦੇ ਹਨ। ਪਹਿਲਾ ਇਹ ਕਿ ਸਿਕੰਦਰ ਦੇ ਫੌਜੀਆਂ ਨੂੰ ਘਰੋਂ ਨਿਕਲਿਆਂ ਨੂੰ ਬਹੁਤ ਸਾਲ ਹੋ ਗਏ ਸਨ ਅਤੇ ਘਰ ਦੀ ਯਾਦ ਬਹੁਤ ਸਤਾਉਂਦੀ ਸੀ। ਇਸ ਲਈ ਉਹਨਾਂ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ ਅਤੇ ਸਿਕੰਦਰ ਨੂੰ ਮਜ਼ਬੂਰਨ ਵਾਪਸ ਮੁੜਨਾ ਪਿਆ। ਦੂਜੀ ਇਹ ਕਿ ਦਰਿਆ ਬਿਆਸ ਤੋਂ ਪਾਰ ਵਾਲੇ ਨੰਦਾ ਸਮਰਾਟ ਦੀ ਬਹੁੱਤ ਵੱਡੀ ਫੌਜ ਸੀ ਅਤੇ ਸਿਕੰਦਰ ਦੀ ਫੌਜ ਨੇ ਡਰਕੇ ਅੱਗੇ ਵੱਧਣ ਤੋਂ ਨਾਂਹ ਕਰ ਦਿੱਤੀ। ਦੋਵੇਂ ਜਵਾਬ ਵਾਹਯਾਤ ਹਨ। ਭਾਰਤ ਪਹੁੰਚਣ ਵੇਲੇ ਤੱਕ ਸਿਕੰਦਰ ਦੀ ਫੌਜ ਵਿੱਚ ਸਿਰਫ ਗਿਣਤੀ ਦੇ ਹੀ ਲੋਕ ਸਨ ਜੋ ਮਕਦੂਨੀਆਂ ਤੋਂ ਉਹਦੇ ਨਾਲ ਤੁਰੇ ਸਨ। ਸਾਰੀ ਦੀ ਸਾਰੀ ਫੌਜ ਰਾਹ ਵਿੱਚ ਜਿੱਤੇ ਇਲਾਕਿਆਂ ਦੇ ਫੌਜੀ ਅਤੇ ਧਾੜਵੀ ਲੁਟੇਰਿਆਂ ਦੀ ਸੀ। ਇਸ ਕੁਝ ਹੀ ਮਹੀਨੇ ਪੁਰਾਣੀ ਫੌਜ ਨੂੰ ਘਰ ਦੀ ਯਾਦ ਕੀ ਸਤਾਉਂਦੀ ਹੋਵੇਗੀ।

ਨੰਦਾ ਸਮਰਾਟ ਦੀ ਵੱਡੀ ਭਾਰੀ ਫੌਜ ਤੋਂ ਡਰਨ ਵਾਲੀ ਗੱਲ ਵੀ ਕੁਝ ਜੱਚਦੀ ਨਹੀਂ ਕਿਉਕਿ ਸਿਕੰਦਰ ਦੀ ਵੱਡੀ ਖੂਬੀ ਏਹੀ ਸੀ ਕਿ ਉਹ ਆਪਣੇ ਤੋਂ ਕਈ ਗੁਣਾਂ ਵੱਡੀਆਂ ਫੌਜਾਂ ਨਾਲ ਲੱੜਕੇ ਵੀ ਜਿੱਤ ਸੱਕਦਾ ਸੀ। ਦਾਰੀਅਸ ਦੀ ਫੌਜ ਸਿਕੰਦਰ ਦੀ ਫੌਜ ਨਾਲੋਂ ਕਈ ਗੁਣਾਂ ਵੱਡੀ ਸੀ। ਸਿਕੰਦਰ ਲੜਿਆ ਵੀ ਅਤੇ ਜਿੱਤਿਆ ਵੀ ਫਿਰ ਉਹ ਨੰਦਾ ਦੀ ਫੌਜ ਤੋਂ ਕਿਵੇਂ ਡਰ ਗਿਆ? ਦਾਰੀਅਸ ਹਾਰਕੇ ਭੱਜ ਗਿਆ, ਉਹਦਾ ਸਾਰਾ ਪਰੀਵਾਰ ਸਿਕੰਦਰ ਦੀ ਹਿਰਾਸਤ ਵਿੱਚ ਸੀ। ਸਿਕੰਦਰ ਨੇ ਦਾਰੀਅਸ ਦੀ ਧੀ ਨੂੰ ਪੁੱਛਿਆ ਕਿ "ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ"? ਉਹਦਾ ਜਵਾਬ ਸੀ, "ਕਿ ਜਿਵੇਂ ਇੱਕ ਰਾਜੇ ਨੂੰ ਇੱਕ ਰਾਜਕੁਮਾਰੀ ਨਾਲ ਸਲੂਕ ਕਰਨਾਂ ਚਾਹੀਦਾ" ਸਿਕੰਦਰ ਨੇ ਇੱਸ ਜਵਾਬ ਤੋਂ ਖੁਸ਼ ਹੋ ਕੇ ਉਹਨੂੰ ਆਪਣੀ ਰਾਣੀ ਬਣਾ ਲਿਆ। ਇਹ ਵਾਕਿਆ ਸਿਕੰਦਰ ਅਤੇ ਪੋਰਸ ਦੀ ਜੰਗ ਤੋਂ ਪਹਿਲਾਂ ਦਾ ਹੈ। ਪੋਰਸ ਦੀ ਜਿੱਤ ਨੂੰ ਹਾਰ ਬਣਾਉਣ ਵਾਲਿਆਂ ਲੋਕਾਂ ਨੇ ਇਹੀ ਕਹਾਣੀ ਪੋਰਸ ਨਾਲ ਜੋੜ ਦਿੱਤੀ। ਭਾਰਤੀ ਸਕੂਲਾਂ ਵਿੱਚ ਅੱਜ ਵੀ ਏਹੀ ਕਹਾਣੀ ਪੜਾਈ ਜਾਂਦੀ ਹੈ।

ਕਹਿੰਦੇ ਨੇ ਕਿ ਆਪਣੀ ਜਿੱਤ ਦੀ ਯਾਦਗਰ ਵਿੱਚ ਸਿਕੰਦਰ ਨੇ ਦਰਿਆ ਬਿਆਸ ਦੇ ਪੱਛਮੀ ਕੰਡੇ ਉੱਤੇ 12 ਯੁਨਾਨੀ ਢੰਗ ਵਾਲੇ ਸਤੰਭ (Pillars) ਬਣਵਾਏ। ਸਿਕੰਦਰ ਤੋਂ ਥੋੜੇ ਹੀ ਸਾਲ ਬਾਦ ਅਸ਼ੋਕ ਮਹਾਨ ਨੇ ਵੀ ਬੁੱਧ ਧਰਮ ਦੀ ਸਿੱਖਿਆ ਵਾਲੇ ਸਤੰਭ ਬਣਵਾਏ। ਅਸ਼ੋਕ ਦੇ ਸਤੰਭ ਤਾਂ ਅੱਜ ਵੀ ਸਹੀ ਸਲਾਮਤ ਖੜੇ ਹਨ ਪਰ ਸਿਕੰਦਰ ਦੇ ਉਹ ਮੰਨਘੜਤ ਸਤੰਭਾਂ ਦੀ ਕਿਤੇ ਕੋਈ ਇੱਟ ਵੀ ਨਹੀ ਮਿੱਲਦੀ। ਸਿਕੰਦਰ ਦੇ ਘੋੜੇ ਦੀ ਕਬਰ ਲੱਭ ਗਈ ਜੋ ਪਾਕਿਸਤਾਨ ਵਿੱਚ ਹੈ। ਅਫਗਾਨਿਸਤਾਨ ਦੀ ਰੁਖਸਾਨਾ (Roxane) ਅਤੇ ਸਿਕੰਦਰ ਦੀ ਸ਼ਾਦੀ ਵਾਲੀ ਥਾਂ ਵੀ ਲੱਭ ਗਈ ਪਰ ਅੱਸੀ ਅੱਸੀ ਫੁੱਟ ਉੱਚੇ 12 ਸਤੰਭਾਂ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਮਿੱਲਦਾ। ਇਹਦੀ ਇੱਕੋ ਹੀ ਵਜ਼ਹ ਹੋ ਸਕਦੀ ਹੈ ਕਿ ਜਿੱਤ ਪੋਰਸ ਦੀ ਹੋਈ ਸੀ ਸਿਕੰਦਰ ਦੀ ਨਹੀਂ। ਨਾਂ ਕੋਈ ਜਿੱਤ, ਨਾਂ

ਕੋਈ ਯਾਦਗਰ ਅਤੇ ਨਾਂ ਕੋਈ ਸਤੰਭ! ਸਿਕੰਦਰ ਜੇਤੂ ਨਹੀਂ ਇੱਕ ਹਾਰੇ ਹੋਏ ਰਾਜੇ ਵਾਂਗ ਵਾਪਸ ਆਪਣੇ ਘਰ ਨੂੰ ਭੱਜਾ। ਸਿਕੰਦਰ ਦਾ ਭਾਰਤ ਵਿੱਚ ਆਉਣ ਵੇਲੇ ਨਾਲੋਂ ਵਾਪਸੀ ਵੇਲੇ ਜਿਆਦਾ ਨੁਕਸਾਨ ਹੋਇਆ।

ਹੁਣ ਸਵਾਲ ਉੱਠਦਾ ਹੈ ਕਿ ਪੋਰਸ ਨੂੰ ਭਾਰਤੀ ਇੱਤਿਹਾਸਕਾਰਾਂ ਨੇ ਕਿਉਂ ਨਹੀ ਸਤਿਕਾਰਿਆ? ਉਹੀ ਪੁਰਾਣੀ ਜੱਟ ਪ੍ਰਤੀ ਬ੍ਰਾਹਮਣ ਕਲਮ ਦੀ ਦੁਸ਼ਮਣੀ। "Even Chānakya, who must have witnessed the high stakes drama in the Panjab,though writing about almost everything under the sun, has not said a word about Porus or the origins of the Mauryas,whom he is supposed to have given the Indian empire on a platter." (Jats the Ancient Rulers By B.S Dahiya)

ਯੁਨਾਨੀ ਭਾਸ਼ਾ ਵਿੱਚ ਨਾਵਾਂ ਦੇ ਅਖੀਰ ਉੱਤੇ ਅੱਖਰ 'ਸ' ਜੋੜ ਦਿੱਤਾ ਜਾਂਦਾ ਹੈ। ਦੇਉਕਾ ਨੂੰ ਦੇਉਕਾਸ ਅਸਤੀਆਗ ਨੂੰ ਅਸਤੀਆਗਸ ਹਰਭਾਗ ਨੂੰ ਹਰਭਾਗਸ ਤੋਮਰੀ ਨੂੰ ਤੋਮੀਰਸ ਚੰਦਰ ਗੁਪਤ ਨੂੰ ਚੰਦਰ ਗੁਤਸ ਲਿੱਖਿਆ ਗਿਆ ਹੈ। ਏਸੇ ਤਰਾਂ ਪੁਰੂ ਨੂੰ ਪੋਰਸ ਲਿਖਿਆ ਹੈ। ਪੁਰੂ ਜੱਟਾਂ ਦਾ ਇੱਕ ਕਬੀਲਾ ਹੈ ਜੋ ਵੈਦਕ ਸਮੇ ਤੋਂ ਇਸ ਨਾਮ ਨਾਲ ਜਾਣਿਆਂ ਜਾਂਦਾ ਹੈ। " Poros according to Greek accounts, is neither a personal name nor a dynastic name. It is a clan name and this clan is still existing among Indian Jats and is called Por or Phor. They are found in Karnal district of Haryana." (Jats the Ancient Rulers By B.S Dahiya)

ਏਸੇ ਕਰਕੇ ਹੀ ਪੋਰਸ ਦੇ ਮਾਂ ਪਿਉ ਦੇ ਨਾਮ ਦਾ ਕੋਈ ਪਤਾ ਨਹੀ ਕਿਉਕਿ ਪੋਰਸ ਕਿਸੇ ਇੱਕ ਬੰਦੇ ਦਾ ਨਾਮ ਨਹੀਂ ਬਲਿਕੇ ਇੱਕ ਜੱਟ ਕਬੀਲੇ ਦਾ ਨਾਮ ਹੈ ਅਤੇ ਇੱਸ ਕਬੀਲੇ ਦੀ ਸਿਕੰਦਰ ਨਾਲ ਜੰਗ ਹੋਈ ਸੀ।

ਸਿਕੰਦਰ ਤੋਂ ਬਾਦ, ਬੈਬਲਾਨ ਵਾਲੇ ਅਮੁਰੂ ਅਤੇ ਅੱਜ ਦੇ ਮੌੜ ਕਬੀਲੇ ਦੇ ਜੱਟ ਰਾਜੇ ਚੰਦਰ ਗੁਪਤ ਮੌਰੀਆ ਨੇ ਮੱਗਧ ਵਿੱਚ ਆਪਣਾ ਰਾਜ ਸਥਾਪਤ ਕੀਤਾ। ਬ੍ਰਾਹਮਣ ਕਲਮ ਨੇ ਚੰਦਰ ਗੁਪਤ ਨੂੰ ਕਲਿਹਣਾਂ (ਕੁਲ ਹੀਣਾ) ਅਤੇ ਉਹਦੇ ਪੋਤਰੇ ਅਸ਼ੋਕ ਮਹਾਨ ਨੂੰ ਚੰਡਾਲ ਲਿਖਿਆ ਹੈ। ਮੌਰੀਆ ਨੂੰ ਮੌੜ ਜਾਂ ਮੁਰੂ ਕਬੀਲੇ ਦੇ ਜੱਟਾਂ ਨਾਲ ਜੋੜਨ ਦੀ ਬਜਾਏ ਵਾਹਯਾਤ ਕਹਾਣੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ ਚੰਦਰ ਗੁਪਤ ਮੌਰੀਆ ਦਾ ਮਾਮਾ ਮੋਰਾਂ ਦਾ ਵਪਾਰੀ ਸੀ ਇਸ ਲਈ ਖਾਨਦਾਨ ਦਾ ਨਾਮ ਮੋਰੀਆ ਪੈ ਗਿਆ। ਜਾਂ ਫਿਰ ਇਹ ਕਿ ਚੰਦਰ ਗੁਪਤ ਦੀ ਮਾਂ ਦਾ ਨਾਮ ਮੁਰਾ ਸੀ ਅਤੇ ਇਸ ਕਰਕੇ ਖਾਨਦਾਨ ਦਾ ਨਾਮ ਮੋਰੀਆ ਪੈ ਗਿਆ।

ਭੀਮ ਸਿੰਘ ਦਾਹੀਆ Cambridge Ancient History Vol.III page 194 ਦੇ ਹਵਾਲੇ ਨਾਲ ਲਿਖਦਾ ਹੈ: " We may mention that Mauryas were noticed earlier than the ancient Manda empire. Much earlier we find them named as Muru or Mor by the Egyptians in the scripture, there these more were called Amuru and Amor or Amorites. It is mentioned that the initial Vowel, 'A' is added to make pronunciation easier for the Semites…..When they attacked the king of the eleventh dynasty of Egypt, they were expressly mentioned as the people from, "the land of Djati"…..this land of Djati is the same "as the land of the Guti" and clearly means the land of the Jats"

ਮੌਰੀਆ ਦੀ ਪਿਛੋਕੜ ਬੈਬਲਾਨ ਦੇ Akkadian ਰਾਜ ਨੂੰ ਤਬਾਹ ਕਰਨ ਵਾਲੇ Guti (ਜੱਟਾਂ) ਦੇ Amuru ਕਬੀਲੇ ਨਾਲ ਜੁੜੀ ਹੈ। ਚੰਦਰ ਗੁਪਤ ਮੌਰੀਆ ਨੇ ਜੈਨ ਧਰਮ ਅਤੇ ਉਹਦੇ ਪੋਤਰੇ ਅਸ਼ੋਕ ਮਹਾਨ ਨੇ ਬੁੱਧ ਧਰਮ ਅਪਣਾ ਲਿਆ। ਦੇਵ ਅਤੇ ਅਸੁਰ, ਜੱਟ ਅਤੇ ਬ੍ਰਾਹਮਣ ਦੀ ਦੁਸ਼ਮਣੀ ਹੋਰ ਵੱਧ ਗਈ।ਬ੍ਰਾਹਮਣ ਪੁਸ਼ੀਮਿੱਤਰਾ ਨੇ ਬੜੀ ਕਮੀਨਗੀ ਨਾਲ ਮੌਰੀਆ ਦੇ ਅਖੀਰਲੇ ਰਾਜੇ ਦਾ ਕਤਲ ਕਰਕੇ ਇੱਸ ਦੁਸ਼ਮਣੀ ਦਾ ਸਬੂਤ ਦਿੱਤਾ। ਮਹਾਂਵੀਰ, ਬੁੱਧ, ਚੰਦਰ ਗੁਪਤ ਮੌਰੀਆ ਅਤੇ ਅਸ਼ੋਕ ਮਹਾਨ ਪ੍ਰਾਚੀਨ ਜੱਟ ਰਾਜੇ ਜਾਂ ਰਾਜਕੁਮਾਰ ਸਨ ਜਿਹਨਾਂ

ਨੇ ਆਪਣੇ ਰਾਜ ਭਾਗ ਛੱਡਕੇ ਸੰਨਿਆਸ ਲੈ ਲਿਆ। ਦੁਨੀਆਂ ਦੇ ਇਤਹਾਸ ਵਿੱਚ ਕਿਤੇ ਵੀ ਇਸ ਤਰਾਂ ਦੇ ਤਿਆਗ, ਉਦਾਸੀ ਅਤੇ ਭਾਵਕਤਾ ਦੀ ਮਿਸਾਲ ਨਹੀ ਮਿਲਦੀ।

ਮੌਰੀਆ ਰਾਜ ਦੇ ਅੰਤ ਨਾਲ ਉੱਤਰੀ ਭਾਰਤ ਕਈ ਨਿੱਕੇ ਨਿੱਕੇ ਰਾਜਾ ਵਿੱਚ ਵੰਡਿਆ ਗਿਆ। ਫਿਰ ਆਇਆ ਕੁਸ਼ਨ ਰਾਜ। ਕੁਸ਼ਨ Guti ਜੱਟ ਜਿਹਨਾਂ ਨੂੰ ਚੀਨ ਵਾਲਿਆਂ ਨੇ Yuechi ਲਿਖਿਆ ਦੀ ਇੱਕ ਸ਼ਾਖਾ ਹਨ। ਇਹਨਾਂ ਦਾ ਮਸ਼ਹੂਰ ਰਾਜਾ ਕਨਿਸ਼ਕ ਵੀ ਬੁੱਧ ਧਰਮ ਦਾ ਉਪਾਸ਼ਕ ਸੀ। ਕੁਸ਼ਨਾਂ ਦੇ ਦੋ ਸੌ ਸਾਲ ਦੇ ਰਾਜ ਤੋਂ ਬਾਦ ਗੁਪਤਾ ਰਾਜ ਆਇਆ। ਭੀਮ ਸਿੰਘ ਦਾਹੀਆ ਗੁਪਤਿਆਂ ਨੂੰ ਧਾਰਾਨ ਜੱਟ ਮੰਨਦਾ ਹੈ।

“Because most of their kings had taken names ending with ‘Gupta’ this was mistaken by the historians as a surname and not as personal name of which it was a part. Otherwise, they proudly proclaimed their Jat race by their royal seals, which says ‘Gutasya ie “of the Got”. When Chandra Gupta II,Vikramaditya, married his daughter to a Vakataka prince, he gave his clan name “Dharana” which is a Jat clan existing even today. according to the Junagarh inscription of skandagupta himself the word Gupta is a title, meaning “Military Governor” or Senapaty (Jats The Ancient Rulers By B.S Dahiya)

## **Scythians:**

ਮੱਧ ਏਸ਼ੀਆ ਦੇ ਖੇਤਰ ਵਿੱਚ ਜੱਟਾਂ ਦੇ ਸੈਂਕੜੇ ਧਾੜਵੀ ਕਬੀਲੇ ਸਨ। Scythians, MassaGetate, Sarmations, Alanis, Balgars (ਬੱਲ), Magyars, Avars, HuingNu, YuehChi, ਆਦਿਕ ਜੱਟਾਂ ਦੇ ਉਪ ਕਬੀਲੇ ਹਨ। ਹਰੋਡੋਟਸ ਲਿਖਦਾ ਹੈ ਕਿ ਸਿਥੀਅਨਜ਼ Danube ਦਰਿਆ ਦੇ ਉੱਤਰ ਪੂਰਬੀ ਇਲਾਕੇ ਵਿੱਚ ਹਨ। ਚੀਨੀ ਸੂਤਰਾਂ ਮੁਤਾਬਕ ਸਿਥੀਅਨਜ਼ ਮੰਗੋਲੀਆ ਅਤੇ ਗੰਸੂ ਦੇ ਇਲਾਕੇ ਵਿੱਚ ਹਨ। ਦੋਵੇਂ ਸੂਤਰ ਠੀਕ ਹਨ। HuingNu ਮੰਗੋਲੀਆ ਵਿੱਚ, ਉਹਨਾਂ ਤੋਂ ਪੱਛਮ ਵਿੱਚ YuehChi ਫਿਰ MassaGetae ਅਤੇ Sarmation ਅਤੇ ਫਿਰ ਹਰੋਡੋਟਸ ਦੇ Danube ਵਾਲੇ ਸਿਥੀਅਨਜ਼। ਅਸਲ ਵਿੱਚ ਇਹਨਾਂ ਇਕ ਹੀ ਨਸਲ (ਜੱਟ) ਦੇ ਲੋਕਾਂ ਨੂੰ ਵੱਖਰੀ ਵੱਖਰੀ ਜ਼ੁਬਾਨ ਵਿੱਚ ਵੱਖ ਵੱਖ ਨਾਮ ਦਿੱਤੇ ਗਏ ਹਨ। ਮੈਸੋਪੋਟੇਮੀਆਂ ਵਿੱਚ ਇਹਨਾਂ ਨੂੰ Guti ਕਿਹਾ ਗਿਆ। ਚੀਨੀ ਜ਼ੁਬਾਨ ਵਿੱਚ ਇਹਨਾਂ ਨੂੰ HuingNu ਅਤੇ YuehChi ਕਿਹਾ ਗਿਆ। Persian ਜ਼ੁਬਾਨ ਵਿੱਚ ਇਹਨਾਂ ਨੂੰ MassaGetae ਕਿਹਾ ਗਿਆ ਅਤੇ Greek ਭਾਸ਼ਾ ਵਿੱਚ ਇਹਨਾਂ ਨੂੰ Scythians ਕਿਹਾ ਗਿਆ।

ਕੈਪਟਨ ਦਲੀਪ ਸਿੰਘ ਅਹਲਾਵੱਤ ਦੀ ਕਿਤਾਬ ‘ਜੱਟ ਵੀਰੋਂ ਕਾ ਇਤਿਹਾਸ’ ਮੁਤਾਬਕ ਹੇਠ ਲਿਖੇ ਜੱਟ ਕਬੀਲੇ ਸਿਥੀਆ (Scythia) ਅਤੇ ਮੱਧ ਏਸ਼ੀਆ ਦੇ ਸ਼ਾਹੀ ਕਬੀਲੇ ਸਨ।

1.Saka 2.Barbar 3.Shivi 4.Palhav 5.Chol 6.Kamboj 7.Balhik(Bal) 8.Pandyav 9.Rishik 10.Tushar 11.Kundu 12.Nagvans 13.Kalkhande 14.Kang 15.Darad 16.Sihag 17.Her 18.Bhullar 19.Dahiya 20.Maurya-Maur 21.Nav-Nauvar 22.Yaudhey 23.Jakhar 24.Punia 25.Gaur 26.Nag 27.Kalkal 28.Kuru-Kaurav 29.Tomar-Tanwar 30.Tur 31.Tatran 32.Maan 33.Ven 34.Ojhalan 35.Kashyap 36.Kaswan 37.Kuran 38.Pahalvi 39.Sandharan 40.Odharan 41.Hans 42.Dabas 43.Chahal 44.Sikarwar 45.Chhina 46.Gil 47.Goojar 48.Johal 49.Lamba 50.Chhikara 51.Ghangas 52.Nohvar 53.Puruya-Paurav 54.Ahalawat 55.Kataria 56.Khatkar 57.Rathi 58.Sindhu 59.Chalukya 60.Gulia 61.Kuntal-Khoontal 62.Khasa 63.Tangal 64.Utar 65.Seoran 66.Mirdha-Mira 67.Varaich 68.Shishi 69.Dagar 70.Bhadra.

Herodotus ਨੇ ਇਹਨਾਂ ਸਿਥੀਅਨਜ਼ ਕਬੀਲਿਆਂ ਦੇ ਵਿੱਚ ਰਹਿਕੇ ਇਹਨਾਂ ਦਾ ਇਤਿਹਾਸ ਲਿਖਿਆ। ਉਸਦਾ ਕਹਿਣਾਂ ਹੈ ਕਿ "ਜੇ ਇਹ ਲੋਕ ਇਕੱਠ ਵਿੱਚ ਰਹਿਣ ਤਾਂ ਸਾਰੀ ਦੁਨੀਆਂ ਉੱਤੇ ਰਾਜ ਕਰ ਸਕਦੇ ਹਨ" ਇਹ ਗੱਲ ਅੱਜ ਵੀ ਸੱਚ ਹੈ। ਜਰਾ ਸੋਚੋ ਜੇ ਸਿੱਖ ਜੱਟ, ਹਿੰਦੂ ਜੱਟ ਅਤੇ ਮੁਸਲਮਾਨ ਜੱਟ ਇਕੱਠੇ ਹੋ ਜਾਣ ਤਾਂ ਕੀ ਨਹੀ ਕਰ ਸਕਦੇ। ਹੀਰੋਡੋਟਸ ਮੁਤਾਬਕ ਸਿੱਥੀਅਨਜ਼ ਦੀ ਸਿਰਜਣਾ ਦੀਆਂ ਤਿੰਨ ਕਥਾਵਾਂ ਹਨ। ਪਹਿਲੀ ਕਥਾ ਹੈ ਕਿ ਸੱਭ ਤੋਂ ਪਹਿਲਾਂ ਸਿੱਥੀਆ ਦੇਸ ਵਿੱਚ Targitaus ਨਾਮ ਦਾ ਇੱਕ ਬੰਦਾ ਹੋਇਆ। ਤਾਰਗੀਤੱਸ ਦੇ ਤਿੰਨ ਪੁੱਤਰ ਸਨ Leipoxais, Arpoxais, and Colaxais । ਇੱਕ ਦਿਨ ਅਚਾਨਕ ਅਕਾਸ਼ ਵਿੱਚੋਂ ਚਾਰ ਚੀਜ਼ਾਂ ਡਿੱਗੀਆਂ, ਹੱਲ੍ਹ, ਜੂਲਾ, ਕੋਹਾੜੀ ਅਤੇ ਪਿਆਲਾ। ਇਹ ਚਾਰੇ ਚੀਜ਼ਾਂ ਖਾਲਸ ਸੋਨੇ ਦੀਆਂ ਬਣੀਆਂ ਸਨ। ਵੱਡੇ ਦੋਵੇਂ ਭਰਾ ਜੱਦ ਇਹਨਾਂ ਚੀਜਾਂ ਨੂੰ ਚੁੱਕਣ ਲਈ ਅੱਗੇ ਵਧੇ ਤਾਂ ਇਹਨਾਂ ਵਿੱਚੋਂ ਅੱਗ ਦੀਆਂ ਲੱਪਟਾਂ ਨਿਕਲਣ ਲੱਗ ਪਈਆਂ। ਜੱਦ Colaxais ਜੋ ਸੱਭ ਤੋਂ ਛੋਟਾ ਸੀ ਅੱਗੇ ਵਧਿਆ ਤਾਂ ਇਹ ਠੰਡੀਆਂ ਸੀਤ ਹੋ ਗਈਆਂ। ਫਿਰ ਤਿੰਨਾਂ ਭਰਾਵਾਂ ਨੇ ਮਿਲਕੇ ਇਹਨਾਂ ਚੀਜਾਂ ਦੀ ਸਹਾਇਤਾ ਨਾਲ ਆਪਣੇ ਰਾਜ ਭਾਗ ਬਣਾਏ। ਇਹਨਾਂ ਤਿੰਨਾਂ ਭਰਾਵਾਂ ਦੀ ਔਲਾਦ ਨੂੰ ਯੂਨਾਨੀਆਂ ਨੇ ਸਿੱਥੀਅਨਜ਼ ਕਿਹਾ। Targitaus, ਇਰਾਨ ਦੇ ਰਾਜਾ ਦਾਰੀਅਸ ਤੋਂ ਇੱਕ ਹਜ਼ਾਰ ਸਾਲ ਪਹਿਲਾਂ ਹੋਇਆ। ਹਰੋਡੋਟਸ ਇਸ ਕਹਾਣੀ ਨੂੰ ਨਹੀ ਮੰਨਦਾ ਅਤੇ ਇਹ ਲੱਗਦੀ ਵੀ ਮਨਘੱੜਤ ਹੀ ਹੈ। ਇੱਸ ਕਹਾਣੀ ਦੀ ਇੱਕ ਗੱਲ ਵਿਚਾਰ ਯੋਗ ਹੈ ਕਿ ਹੱਲ੍ਹ, ਜੂਲਾ, ਕੋਹਾੜੀ ਅਤੇ ਪਿਆਲਾ ਜੱਟ ਦੀ ਜਿੰਦਗੀ ਦਾ ਬਹੁੱਤ ਹੀ ਮਹੱਤਵ ਪੂਰਨ ਹਿੱਸਾ ਹਨ।

ਦੂਜੀ ਕਥਾ ਮੁਤਾਬਕ ਸਿੱਥੀਅਨਜ਼ Hercules ਦੀ ਔਲਾਦ ਹਨ। ਮੀਂਹ ਅਤੇ ਝੱਖੜ ਤੋਂ ਬੱਚਣ ਲਈ ਹਰਕੂਲੀਸ ਨੇ ਇਕ ਗੁਫਾ ਵਿੱਚ ਸ਼ਰਣ ਲਈ। ਇਸ ਝੱਖੜ ਦੌਰਾਨ ਉੱਹਦੇ ਰੱਥ ਦੇ ਘੋੜੇ ਗਵਾਚ ਗਏ। ਇੱਕ ਔਰਤ ਨੇ ਘੋੜੇ ਲੱਭਣ ਵਿੱਚ ਉੱਹਦੀ ਮੱਦਦ ਕੀਤੀ। ਹਰਕੂਲੀਸ ਅਤੇ ਇਸ ਔਰਤ ਦੇ ਤਿੰਨ ਪੁਤਰ ਹੋਏ। ਜਿਹਨਾਂ ਦੇ ਨਾਮ ਸਨ Agathyrsus, Gelonus, Scythes ਜੋ ਸੱਭ ਤੋਂ ਛੋਟਾ ਸੀ। ਜਾਂਦੇ ਵਕਤ ਹਰਕੂਲੀਸ ਇਸ ਔਰਤ ਨੂੰ ਆਪਣੀ ਕਮਾਨ, ਕਮਰਕੱਸਾ ਅਤੇ ਸਿੰਗੀ ਪਿਆਲਾ ਦੇ ਕੇ ਕਹਿਣ ਲੱਗਾ ਕਿ, " ਜੱਦ ਮੇਰੇ ਪੁੱਤਰ ਵੱਡੇ ਹੋ ਜਾਣ ਤਾਂ ਇਹਨਾਂ ਵਿੱਚੋਂ ਜੋ ਵੀ ਮੇਰੀ ਕਮਾਨ ਦਾ ਚਿੱਲ੍ਹਾ ਚੜਾਵੇਗਾ ਰਾਜਾ ਬਣੇਗਾ ਅਤੇ ਇਹ ਮੇਰੀਆਂ ਤਿੰਨੇ ਚੀਜਾਂ ਉਸਨੂੰ ਦੇ ਦੇਵੀਂ"। ਸਾਰਿਆਂ ਤੋਂ ਛੋਟੇ Scythes ਨੇ ਇਹ ਸ਼ਰਤ ਪੂਰੀ ਕੀਤੀ ਅਤੇ ਉਹਦੀ ਔਲਾਦ ਸਿੱਥੀਅਨਜ਼ ਅਖਵਾਈ। ਤੀਰ ਕਮਾਨ, ਕਮਰਕੱਸਾ ਅਤੇ ਸਿੰਗੀ ਪਿਆਲਾ ਸਿੱਥੀਅਨ ਬਾਣੇ ਦਾ ਅਟੁੱਟ ਹਿੱਸਾ ਹਨ।

ਤੀਜੀ ਕਥਾ ਅਨੁਸਾਰ ਜਿਸਨੂੰ ਹਰੋਡੋਟਸ ਸੱਚ ਮੰਨਦਾ ਹੈ ਅਤੇ ਹੈ ਵੀ ਸੱਚ, ਕਿ ਪ੍ਰਾਚੀਨ ਸਮੇ ਖਾਨਾ ਬਦੋਸ਼ ਸਿੱਥੀਅਨਜ਼ ਏਸ਼ੀਆ ਵਿੱਚ ਰਹਿੰਦੇ ਸਨ। ਮੱਸਾ ਗਤਾਈ ਤੋਂ ਹਾਰ ਖਾਕੇ ਇਹ ਆਪਣਾ ਏਸ਼ੀਆ ਵਾਲਾ ਇਲਾਕਾ ਛੱਡ ਗਏ। ਹਰੋਡੋਟਸ ਇਹ ਵੀ ਮੰਨਦਾ ਹੈ ਕਿ ਮੱਸਾ ਗਤਾਈ ਦੀ ਰਹਿਣੀ ਬਹਿਣੀ ਰਸਮ ਰਿਵਾਜ ਅਤੇ ਪਹਿਰਾਵਾ ਸਿੱਥੀਅਨਜ਼ ਵਾਲਾ ਹੀ ਸੀ। ਅਸਲ ਵਿੱਚ ਮੱਸਾ ਗਤਾਈ ਸਿੱਥੀਅਨਜ਼ ਦੀ ਹੀ ਇੱਕ ਸ਼ਾਖਾ ਹੈ। ਪ੍ਰਾਚੀਨ ਜੱਟ ਕਬੀਲੇ ਆਮ ਤੌਰ ਉੱਤੇ ਆਪਸ ਵਿੱਚ ਹੀ ਲੱੜਦੇ ਰਹਿੰਦੇ ਸਨ। ਸਿਥੀਅਨਜ਼ ਉਹ ਪਹਿਲੇ ਲੋਕ ਸਨ ਜਿਹਨਾਂ ਘੋੜ ਸਵਾਰੀ ਸ਼ੁਰੂ ਕੀਤੀ। ਰਕਾਂਬਾਂ ਦੀ ਈਜਾਦ ਵੀ ਸਿੱਥੀਅਨਜ਼ ਨੇ ਹੀ ਕੀਤੀ। ਸਿਥੀਅਨਜ਼ ਅੱਡੀ ਅਤੇ ਨੋਕ ਵਾਲੀ ਜੁੱਤੀ ਪਹਿਨਦੇ ਸਨ। ਅੱਡੀ ਅਤੇ ਨੋਕ ਪੈਰ ਨੂੰ ਰਕਾਬ ਵਿੱਚ ਸਥਿਰ ਰੱਖਣ ਲਈ ਜਰੂਰੀ ਹਨ। ਸਿੱਥੀਅਨਜ਼ ਘੋੜ ਸਵਾਰੀ ਦੇ ਏਨੇ ਮਾਹਰ ਸਨ ਕਿ ਯੂਨਾਨੀ ਲੋਕ ਇਹਨਾਂ ਨੂੰ ਦੂਰ ਤੋਂ ਵੇਖਕੇ ਸਮਝਦੇ ਰਹੇ ਕਿ ਇਹ ਕਿਸੇ ਤਰਾਂ ਦੇ ਘੋੜੇ ਹਨ ਜਿਹਨਾਂ ਦਾ ਉਪਰਲਾ ਸਰੀਰ ਮਨੁੱਖ ਦਾ ਹੈ। ਤੀਰ ਅੰਦਾਜ਼ੀ ਵਿੱਚ ਸਿੱਥੀਅਨਜ਼ ਦਾ ਕੋਈ ਮੁਕਾਬਲਾ ਨਹੀ ਸੀ ਕਰ ਸਕਦਾ। ਤੀਰ ਕਮਾਨ ਦੇ ਨਾਲ ਨਾਲ ਬਰਸ਼ਾ, ਕੋਹਾੜੀ ਅਤੇ ਖੰਡਾ ਇਹਨਾਂ ਦੇ ਮਨਪਸੰਦ ਹਥਿਆਰ ਸਨ। ਸਿੱਥੀਅਨਜ਼ ਦੀ ਤਨਖਾਹੀਆ ਫੌਜ ਨਹੀ ਸੀ ਹੁੰਦੀ।

ਬਹਾਦਰੀ ਦੇ ਮਿਆਰ ਮੁਤਾਬਕ ਰੁਤਬਾ ਅਤੇ ਲੁੱਟ ਮਾਰ ਦਾ ਹਿੱਸਾ ਮਿਲਦਾ ਸੀ। ਰੋਮਨ ਪੇਸ਼ਾਵਰ ਲੜਾਕੂਆਂ (Gladiators) ਨੂੰ ਕਾਬੂ ਵਿੱਚ ਰੱਖਣ ਲਈ ਸਿੱਥੀਅਨਜ਼ ਪੋਲੀਸ ਵਰਤੀ ਜਾਂਦੀ ਸੀ। ਸਿੱਥੀਅਨਜ਼ ਦੁਸ਼ਮਣ ਦੀ ਖੋਪੜੀ ਦਾ ਪਿਆਲਾ ਅਤੇ ਖੱਲ ਦਾ ਰੁਮਾਲ ਬਣਾਉਦੇ ਸਨ। ਇਹਨਾਂ ਨੂੰ "Barbarians of the Barbarian". ਕਿਹਾ ਜਾਂਦਾ ਸੀ।

ਹਰੋਡੋਟਸ ਨੇ ਸਿੱਥੀਅਨਜ਼ ਦੇ ਰਸਮੋ ਰਿਵਾਜ਼ ਅਤੇ ਰਹਿਣੀ ਬਹਿਣੀ ਬਾਬਤ ਵਿਸਥਾਰ ਸਹਿਤ ਲਿਖਿਆ ਹੈ। ਅੱਜ ਕਲ ਦੇ ਜੱਟਾਂ ਵਾਂਗ ਇਹ ਲੋਕ ਵੀ ਆਪਣੀ ਜ਼ੁਬਾਨ ਦੇ ਪੱਕੇ ਸਨ ਅਤੇ ਝੂਠੀ ਸੌਹ ਚੁੱਕਣ ਵਾਲੇ ਨੂੰ ਨੀਚ ਅਤੇ ਸਜ਼ਾ ਦੇ ਕਾਬਲ ਸਮਝਦੇ ਸਨ। ਸਿੱਥੀਅਨਜ਼ ਦਰਿਆ ਦੀ ਬਹੁੱਤ ਇੱਜਤ ਕਰਦੇ ਸਨ। ਵੱਗਦੇ ਪਾਣੀ ਵਿੱਚ ਨਹਾਉਦੇ ਨਹੀ ਸਨ। ਭੰਗ ਤੋਂ ਸਿਰਫ ਨਸ਼ਾ ਹੀ ਨਹੀ ਸਰੀਰ ਦੀ ਸਫਾਈ ਦਾ ਵੀ ਕੰਮ ਲੈਂਦੇ ਸਨ। ਸਿੱਥੀਅਨਜ਼ ਦੀਆਂ ਕਬਰਾਂ (Kurgans) ਵਿੱਚੋਂ ਮਿਲੀਆਂ ਚੀਜ਼ਾਂ ਇਹਨਾਂ ਗੱਲਾਂ ਦਾ ਸਬੂਤ ਹਨ। ਹਰੋਡੋਟਸ ਦੇ ਕਥਨ ਮੁਤਾਬਕ ਸਿੱਥੀਅਨਜ਼ ਜ਼ਮੀਨ ਵਿੱਚ ਡੰਡੇ ਗੱਡਕੇ,ਉੱਤੇ ਕੰਬਲ ਪਾਕੇ, ਇੱਕ ਛੋਟਾ ਜਿਹਾ ਤੰਬੂ ਬਣਾ ਲੈਂਦੇ ਸਨ। ਇੱਕ ਭਾਡੇ ਵਿੱਚ ਤੱਤੇ ਪੱਥਰ ਰੱਖਕੇ ਉਸ ਤੰਬੂ ਵਿੱਚ ਬਹਿ ਜਾਂਦੇ। ਤੱਤੇ ਪੱਥਰਾਂ ਉੱਤੇ ਭੰਗ ਦੇ ਬੀਜ ਸੁੱਟਦੇ। ਸਾਰਾ ਤੰਬੂ ਭੰਗ ਦੇ ਧੁਏਂ ਨਾਲ ਭਰ ਜਾਂਦਾ। ਨਸ਼ੇ ਦਾ ਨਸ਼ਾ ਅਤੇ ਸੁੱਕਾ ਇਸ਼ਨਾਨ।
"…take some of this hemp-seed, and, creeping under the felt coverings, throw it upon the red-hot stones; immediately it smokes, and gives out such a vapour as no Grecian vapour-bath can exceed; the Scyths, delighted, shout for joy, and this vapour serves them instead of a water-bath".

ਸਿੱਥੀਅਨਜ਼ ਔਰਤਾਂ ਰੁੱਖਾਂ ਦੀ ਛਿਲ ਦਾ ਵੱਟਣਾਂ ਮੱਲਕੇ ਆਪਣੇ ਸਰੀਰ ਨੂੰ ਸਾਫ ਅਤੇ ਸੁਗੰਧਤ ਕਰਦੀਆਂ ਸਨ।ਸਿੱਥੀਅਨਜ਼ ਦਾ ਸ਼ਰਾਬ ਪੀਣ ਦਾ ਸਲੀਕਾ ਬਾਕੀ ਧਾੜਵੀਆਂ ਨਾਲੋਂ ਕੁਝ ਵੱਖਰਾ ਸੀ। ਉਹ ਸ਼ਰਾਬ ਵਿੱਚ ਪਾਣੀ ਜਾਂ ਕੋਈ ਹੋਰ ਚੀਜ਼ ਨਹੀ ਸੀ ਮਿਲਾਉਦੇ। ਅੱਜ ਵੀ ਕਈ ਲੋਕ ਬਿਨਾਂ ਪਾਣੀ ਅਤੇ ਬਰਫ ਵਾਲੀ ਸ਼ਰਾਬ ਨੂੰ ਸਿੱਥੀਅਨ ਸਟਾਇਲ ਡਰਿੰਕ ਕਹਿੰਦੇ ਹਨ। ਸਿੱਥੀਅਨਜ਼ ਯੁੱਧ ਆਮ੍ਹਣੇ ਸਾਹਮਣੇ ਖਲੋਕੇ ਘੱਟ ਹੀ ਲੱੜਦੇ ਸਨ। ਉਹ ਪਹਿਲਾਂ ਤਾਂ ਦੁਸ਼ਮਣ ਦੀ ਫੌਜ ਵੱਲ ਤੀਰਾਂ ਦੀ ਮਾਰ ਕਰਦੇ ਵੱਧਦੇ ਅਤੇ ਫਿਰ ਅਚਾਨਕ ਆਪਣੇ ਘੋੜਿਆਂ ਦੇ ਮੂੰਹ ਮੋੜਕੇ ਦੂਜੇ ਪਾਸੇ ਨੂੰ ਭੱਜ ਨਿਕਲਦੇ। ਦੁਸ਼ਮਣ ਜੱਦ ਪਿੱਛਾ ਕਰਦੇ ਤਾਂ ਭੱਜੇ ਜਾਂਦੇ ਘੋੜਿਆਂ ਉੱਤੋਂ ਹੀ ਪਿੱਛੇ ਆਉਂਦੇ ਦੁਸ਼ਮਣ ਉੱਤੇ ਤੀਰ ਵਰਾਉਂਦੇ। ਮੈਸੋਪੋਟੇਮੀਆਂ ਉੱਤੇ ਰਾਜ ਕਰਨ ਵਾਲੇ Guti ਵੀ ਏਸੇ ਤਰਾਂ ਦੀ ਯੁੱਧ ਕਲਾ ਵਿੱਚ ਨਿਪੁੰਨ ਸਨ। ਤੀਰ ਚਲਾਉਣ ਲਈ ਦੋਹਾਂ ਹੱਥਾਂ ਦੀ ਲੋੜ ਪੈਂਦੀ ਹੈ। ਸਿਰਤੋੜ ਭੱਜੇ ਜਾਂਦੇ ਘੋੜ ਸਵਾਰ ਲਈ 180 Degree ਉੱਤੇ ਪਿੱਛੇ ਮੁੜਕੇ ਤੀਰ ਚਲਾਉਣਾ ਸਿਰਫ ਸਿੱਥੀਅਨਜ਼ ਹੀ ਜਾਣਦੇ ਸਨ। ਇਸ ਤਰਾਂ ਦੀ ਤੀਰ ਅੰਦਾਜ਼ੀ ਨੂੰ Parthian Shot ਕਿਹਾ ਜਾਂਦਾ ਹੈ। ਕਿਉਂਕਿ ਬਾਦ ਵਿੱਚ Parthians ਨੇ ਵੀ ਇਸਤਰਾਂ ਤੀਰ ਚਲਾਉਣਾ ਸਿੱਖ ਲਿਆ ਸੀ।

ਹਰੋਡੋਟਸ ਦੇ ਕਥਨ ਮੁਤਾਬਕ ਪਰਸ਼ੀਅਨ ਬਾਦਸ਼ਾਹ ਦਾਰੀਅਸ ਨੇ ਤਿੰਨ ਲੱਖ ਦੀ ਫੋਜ ਨਾਲ ਸਿੱਥੀਅਨਜ਼ ਉੱਤੇ ਹਮਲਾ ਕੀਤਾ। ਸਿੱਥੀਅਨਜ਼ ਨੇ ਆਲੇ ਦੁਆਲੇ ਦੇ ਕਬੀਲਿਆਂ ਨੂੰ ਆਪਣੇ ਨਾਲ ਰੱਲਣ ਲਈ ਕਿਹਾ ਪਰ ਉਹ ਸੱਭ ਦਾਰੀਅਸ ਦੀ ਵੱਡੀ ਫੋਜ ਤੋਂ ਡਰ ਕੇ ਇਨਕਾਰ ਕਰ ਗਏ। ਸਿੱਥੀਅਨਜ਼ ਨੇ ਉਹੀ ਧਾਹੀ ਫੁਟ (Hit and Run) ਵਾਲੀ ਯੁੱਧ ਕਲਾ ਦੀ ਵਰਤੋਂ ਕੀਤੀ। ਇਸ ਵਾਰ ਜੱਦ ਉਹ ਹਮਲੇ ਤੋਂ ਬਾਦ ਭੱਜਦੇ ਤਾਂ ਉਹਨਾਂ ਕਬੀਲਿਆਂ ਦੇ ਇਲਾਕੇ ਵਿੱਚੋਂ ਦੀ ਭੱਜਦੇ ਸਨ ਜਿਹਨਾਂ ਨੇ ਉਹਨਾਂ ਦਾ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਿੱਛੇ ਆਉਂਦੀ ਦਾਰੀਅਸ ਦੀ ਫੋਜ ਸਿੱਥੀਅਨ ਨੂੰ ਤਾਂ ਫੜ ਨਹੀ ਸੀ ਸਕਦੀ ਅਤੇ ਉਹ ਆਪਣਾ ਸਾਰਾ ਗੁੱਸਾ ਇਹਨਾਂ ਗੱਦਾਰ ਕਬੀਲਿਆਂ ਉੱਤੇ ਉਤਾਰਦੀ। ਸਿੱਥੀਅਨਜ਼ ਨੇ ਇਸਤਰਾਂ ਆਪਣੀ ਹੋਸ਼ਿਆਰ ਯੁੱਧ ਨੀਤੀ ਨਾਲ ਆਪਣੇ ਇੱਕ ਦੁਸ਼ਮਣ ਕੋਲੋਂ ਦੂਜੇ ਦੁਸ਼ਮਣ ਨੂੰ ਸਜ਼ਾ ਦਿਲਵਾਈ। ਯਾਦ ਰਹੇ ਕਿ ਇਹਨਾਂ ਸਮਿਆਂ ਵਿੱਚ

ਸਿਰਫ ਸਿੱਥੀਅਨਜ਼ ਹੀ ਘੋੜ ਸਵਾਰੀ ਦੇ ਮਾਹਿਰ ਸਨ ਬਾਕੀ ਸਾਰੀ ਦੁਨੀਆਂ ਵਾਂਗ ਦਾਰੀਅਸ ਦੀ ਫੌਜ ਰੱਥ ਸਵਾਰ ਜਾਂ ਪੈਦਲ ਸੀ। ਇੱਕ ਰੱਥ ਸਵਾਰ ਇੱਕ ਸਿਰਤੋੜ ਭੱਜੇ ਜਾਂਦੇ ਘੋੜ ਸਵਾਰ ਦੀ ਧੂੜ ਨੂੰ ਹੀ ਫੜ ਸਕਦਾ ਹੈ। ਆਪਣੀ ਇਸ ਘੋੜ ਸਵਾਰੀ ਦੀ ਨਿਪੁੰਨਤਾਂ ਕਰਕੇ ਹੀ ਸਿੱਥੀਅਨਜ਼ ਕਿਸੇ ਕੋਲੋਂ ਨਹੀਂ ਸੀ ਹਾਰਦੇ। ਦਾਰੀਅਸ ਨੇ ਸਿੱਥੀਅਨਜ਼ ਨੂੰ ਕਈ ਤਰੀਕਿਆਂ ਨਾਲ ਆਮਣੇ ਸਾਹਮਣੇ ਖਲੋ ਕੇ ਲੜਣ ਲਈ ਲਲਕਾਰਿਆ ਪਰ ਉਹ ਆਪਣੀ ਧਾਹੀ ਫੁਟ ਦੀ ਨੀਤੀ ਉੱਤੇ ਡੱਟੇ ਰਹੇ। ਅਖੀਰ ਵਿੱਚ ਦਾਰੀਅਸ ਆਪਣੀ ਅੱਧੀ ਤੋਂ ਜਿਆਦਾ ਫੌਜ ਮਰਵਾਕੇ ਬੇਬਸੀ ਵਿੱਚ ਆਪਣਾ ਸਿਰ ਖੋਂਹਦਾ ਵਾਪਸ ਮੁੜ ਗਿਆ ਅਤੇ ਫਿਰ ਸਾਰੀ ਉੱਮਰ ਕਦੀ ਸਿੱਥੀਅਨਜ਼ ਦੇ ਇਲਾਕੇ ਵੱਲ ਮੂੰਹ ਨਹੀ ਕੀਤਾ। ਸਿੱਖ ਮਿਸਲਾਂ ਦੇ ਜੱਟ ਸਰਦਾਰਾਂ ਦੀ ਫੌਜ ਧਾਹੀ ਫੁਟ ਯੁੱਧ ਲਈ ਬੜੀ ਮਸ਼ਹੂਰ ਸੀ। ਸ਼ਿਵਾ ਜੀ ਮਰਹੱਟਾ ਵੀ ਏਸੇ ਤਰਾਂ ਦੀ ਜੰਗ ਦਾ ਮਾਹਰ ਸੀ। ਇਹ ਯੁੱਧ ਕਲਾ ਉਹਨਾਂ ਆਪਣੇ ਸਿੱਥੀਅਨ ਬਜ਼ੁਰਗਾਂ ਤੋਂ ਸਿੱਖੀ ਸੀ।

ਸਿੱਥੀਅਨਜ਼ ਪੂਰੀ ਦਾੜੀ ਅਤੇ ਲੰਮੇ ਵਾਲ ਰੱਖਦੇ ਸਨ। ਇਹਨਾਂ ਦੀਆਂ ਪ੍ਰਚੀਨ ਕਬਰਾਂ ਵਿੱਚੋਂ ਸੋਨੇ ਦੇ ਕੰਘੇ ਵੀ ਮਿਲੇ ਹਨ। Oxus Treasure ਵਿੱਚ ਮਿਲੀਆਂ ਚੀਜ਼ਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਲੋਕ ਸੋਨੇ ਦੇ ਗਹਿਣੇ ਪਹਿਨਣ ਦੇ ਸ਼ੋਕੀਨ ਸਨ। ਮੁਰਕੀਆਂ, ਮੁੰਦਰਾਂ, ਸ਼ਾਪਾਂ ਅਤੇ ਕੈਂਠੇ ਇਹਨਾਂ ਦੇ ਮੰਨ ਪਸੰਦ ਗਹਿਣੇ ਸਨ। ਆਪਣੇ ਘੋੜਿਆਂ ਨੂੰ ਵੀ ਸ਼ਿਗਾਰਕੇ ਰੱਖਦੇ ਸਨ ਅਤੇ ਘੋੜੇ ਨੂੰ ਹੱਲ ਅੱਗੇ ਨਹੀਂ ਸੀ ਜੋੜਦੇ। ਗੱਡਾ ਅਤੇ ਹੱਲ ਖਿੱਚਣ ਲਈ ਬੱਲਦ ਵਰਤਦੇ ਸਨ।

ਹੇਠ ਲਿਖੀਆਂ ਸਾਰੀਆਂ ਗੱਲਾਂ ਅੱਜ ਦੇ ਜੱਟਾਂ ਨੂੰ ਸਿੱਥੀਅਨਜ਼ ਵਿਰਸੇ ਵਿੱਚੋਂ ਮਿਲੀਆਂ ਹਨ:

1. ਔਰਤਾਂ ਹੀ ਨਹੀ ਮਰਦ ਵੀ ਸੋਨੇ ਦੇ ਗਹਿਣੇ ਪਹਿਨਦੇ ਸਨ। ਜੱਟ ਦੀਆਂ ਮੁਰਕੀਆਂ, ਮੁੰਦਰਾਂ ਅਤੇ ਕੈਂਠੇ ਦੇ ਲੋਕ ਗੀਤ ਬਣੇ ਹਨ।
2. ਬਜ਼ੁਰਗ ਦੀ ਮੌਤ ਦਾ ਸੋਗ ਨਹੀਂ ਉਸਦਾ ਇੱਕ ਜਸ਼ਨ (ਇਕੱਠ) ਕਰਨਾਂ ਵੀ ਸਿੱਥੀਅਨਜ਼ (ਜੱਟ) ਰਸਮ ਹੈ
3. ਦੁਸ਼ਮਣ ਤੋਂ ਬਦਲਾ ਲੈਣ ਲਈ ਸੌਹ ਚੁੱਕਣੀ ਅਤੇ ਲਲਕਾਰ ਕੇ ਦੱਸਣਾਂ ਕਿ ਬਦਲਾ ਕਿਵੇਂ ਲਿਆ ਜਾਵੇਗਾ।
4. ਜਠੇਰੇ (ਬਹਾਦਰ ਬਜ਼ੁਰਗ) ਦੀ ਪੂਜਾ ਕਰਨੀ।
5. ਹਥਿਆਰਾਂ ਦੀ ਪੂਜਾ ਕਰਨੀ (ਪ੍ਰੱਥਮ ਭਗੌਤੀ ਸਿਮਰ ਕੇ...) (ਯਹੀ ਹਮਾਰੇ ਪੀਰ)
6. Polyandry (ਭਰਾਵਾਂ ਦੀ ਸਾਂਝੀ ਵਹੁਟੀ) ਜੱਟਾਂ ਵਿੱਚ ਇਹ ਹੁਣ ਪ੍ਰਚੱਲਤ ਨਹੀ।
7. Polygamy (ਇੱਕ ਮਰਦ ਦੀਆਂ ਦੋ ਵਹੁਟੀਆਂ) ਅੱਜ ਵੀ ਕਿਤੇ ਕਿਤੇ ਹੈ।
8. ਵਿਧਵਾ ਨੂੰ ਮੁੜ ਸ਼ਾਦੀ ਦੀ ਇਜਾਜਤ ਸੀ। ਆਮ ਤੌਰ ਉੱਤੇ ਮਰਨ ਵਾਲੇ ਦੇ ਭਰਾ ਨਾਲ। ਦੇਵਰ ਦਾ ਮਤਲਬ ਹੈ ਦੂਜਾ ਵਰ।
9. ਜੱਟ ਭਾਈਚਾਰਾ ਇਨਸਾਨੀ ਬਰਾਬਰੀ ਦੀ ਸੁਨਿਹਰੀ ਮਿਸਾਲ ਹੈ। ਸੱਭ ਜੱਟ ਭਰਾ ਹਨ ਕੋਈ ਵੱਡਾ ਛੋਟਾ ਨਹੀ।

## Massa-Getae: ( ਮਹਾਨ ਜੱਟ )

ਚੀਨੀ ਸੂਤਰਾਂ ਮੁਤਾਬਕ HuingNu ਦੇ ਦਬਾ ਥੱਲੇ ਗੂਤੀ (YueChi) ਦੱਖਣ ਅਤੇ ਪੱਛਮ ਦਿਸ਼ਾ ਵੱਲ ਚਲੇ ਗਏ। ਜੋ ਦੱਖਣ ਵੱਲ ਗਏ ਉਹਨਾਂ ਦੀ ਗਿਣਤੀ ਥੋੜੀ ਸੀ ਅਤੇ ਏਸੇ ਕਰਕੇ ਉਹਨਾਂ ਨੂੰ 'ਸਿਆਓ ਗੂਤੀ' (Little YueChi) ਕਿਹਾ ਗਿਆ। ਵਡੇਰੀ ਗਿਣਤੀ ਪੱਛਮ ਵੱਲ ਗਈ ਅਤੇ ਉਹਨਾਂ ਨੂ 'ਟਾ ਗੂਤੀ' (Great YueChi) ਕਿਹਾ ਗਿਆ। ਪਰਸ਼ੀਅਨ ਅਤੇ ਯੁਨਾਨੀ ਇਹਨਾਂ ਨੂੰ 'ਮੱਸਾ ਗਤਾਈ' (Massa Getae) ਕਹਿੰਦੇ ਸਨ। ਚੀਨੀ ਭਾਸ਼ਾ ਵਿੱਚ 'ਟਾ' ਅਤੇ ਪਰਸ਼ੀਅਨ ਭਾਸ਼ਾ ਵਿੱਚ 'ਮੱਸਾ' ਦਾ ਅਰਥ ਹੈ ਮਹਾਨ। ਕਈ ਵਾਰ ਅੰਗਰੇਜ਼ੀ ਭਾਸ਼ਾ ਦਾ 'J' ਉਚਾਰਣ ਕਰਨ ਲਈ 'G' ਵਰਤਿਆ ਜਾਂਦਾ ਹੈ। ਜਿਵੇਂ ਕਿ Germany, George, Geometry, Geography, Gymnasium, General ਅਤੇ ਸੈਂਕੜੇ ਹੋਰ ਅੰਗਰੇਜੀ ਲਫਜ਼ ਲਿਖੇ 'G' ਨਾਲ ਜਾਂਦੇ ਹਨ ਪਰ ਉਚਾਰਨ ਵੇਲੇ 'J' ਦੀ ਅਵਾਜ਼ ਨਿਕਲਦੀ ਹੈ।

" This change of letter 'J' into 'G' is quite simple and is based on Grim's law of variation'. It is under this law that the Sanskrit 'S' is changed into 'H' in the Persian, the Indian Hans becomes Gans in German language- both words meaning 'Goose'. It is under this law that the words 'L' & 'R', 'L' & 'N'; 'J' & 'G' are interchaneable. On the same principle of Grim's law of variaton, the Sanskrit Jiva (living thing) becomes Jhiv in the Russina and Guva (s) in the Lithuanian language. Similarly, the European word George and Georgia are pronounced wiith a 'J' and not 'G' On this very basis the word Jat becomes Getae in Central Asia and Got/Goth in Europe". (Jats The Ancient Rulers by B.S.Dahiya)

ਸੱਭ ਇੱਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ Getae, Dacian ਅਤੇ Thracian ਇਕ ਹੀ ਲੋਕ ਹਨ ਜਿਹਨਾਂ ਨੂੰ ਵੱਖ ਵੱਖ ਭਾਸ਼ਾਵਾਂ ਵਿੱਚ ਵੱਖ ਵੱਖ ਨਾਮ ਦਿੱਤੇ ਗਏ ਹਨ।ਭਾਰਤੀ ਅਤੇ ਪਾਕਿਸਤਾਨੀ ਜੱਟ ਇਹਨਾਂ ਮਹਾਨ ਜੱਟਾਂ ਦੀ ਔਲਾਦ ਹਨ। ਹਰੋਡੋਟਸ ਲਿਖਦਾ ਹੈ ਕਿ MassaGetae ਦੀ ਸ਼ਕਲ ਸੂਰਤ ਪਹਿਰਾਵਾ ਅਤੇ ਰਹਿਣੀ ਬਹਿਣੀ ਬਿਲਕੁੱਲ ਸਿਥੀਅਨਜ਼ ਨਾਲ ਮਿਲਦੀ ਹੈ। ਪਰਸ਼ੀਅਨ ਰਾਜਾ Cyrus The Great ਨੇ ਇਹਨਾਂ ਪ੍ਰਾਚੀਨ ਜੱਟਾਂ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਹਰੋਡੋਟਸ ਲਿਖਦਾ ਹੈ:

" When Cyrus had achieved the conquest of the Babylonians, he conceived the desire of bringing the Massagetae under his dominion. Now the Massagetae are said to be a great and warlike nation, dwelling eastward, toward the rising of the sun, beyond the river Araxes, and opposite the Issedonians. By many they are regarded as a Scythian race".

ਪਹਿਲਾਂ ਸਾਇਰਸ ਨੇ ਜੱਟਾਂ ਦੀ ਵਿਧਵਾ ਰਾਣੀ ਤੋਮਰੀ (Tomyris) ਅੱਗੇ ਵਿਆਹ ਦਾ ਪ੍ਰਸਤਾਵ ਰੱਖਿਆ ਪਰ ਰਾਣੀ ਜਾਣਦੀ ਸੀ ਕਿ ਇਹ ਵਿਆਹ ਸਿਰਫ ਉਹਦਾ ਰਾਜ ਹਥਿਆਉਣ ਦੀ ਇੱਕ ਚਾਲ ਹੈ। ਰਾਣੀ ਦਾ ਇਨਕਾਰ ਸੁਣਕੇ ਸਾਇਰਸ ਨੇ ਹਮਲਾ ਕਰਨ ਦੀ ਨੀਤ ਨਾਲ ਦਰਿਆ Araxes ਉੱਤੇ ਪੁੱਲ ਬਣਾਉਣਾ ਸ਼ੁਰੂ ਕਰ ਦਿਤਾ। ਜਦ ਰਾਣੀ ਤੋਮਰੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੇ ਸਾਇਰਸ ਨੂੰ ਇੱਕ ਚਣੌਤੀ ਦਾ ਸੁਨੇਹਾ ਭੇਜਿਆ ਕਿ "ਪੁੱਲ ਬਣਾਉਣ ਦੀ ਕੋਈ ਲੋੜ ਨਹੀ। ਅਸੀਂ ਦਰਿਆ ਤੋਂ ਤਿੰਨ ਦਿਨ ਦਾ ਪੈਂਡਾ ਪਿੱਛੇ ਹੱਟ ਜਾਂਦੇ ਹਾਂ ਅਤੇ ਜੱਦ ਤੱਕ ਤੇਰੀ ਸਾਰੀ ਫੌਜ ਦਰਿਆ ਤੋਂ ਪਾਰ ਨਹੀਂ ਆ ਜਾਂਦੀ ਅਸੀ ਤੇਰੇ ਉੱਤੇ ਹਮਲਾ ਨਹੀ ਕਰਾਂਗੇ ਅਤੇ ਜ਼ਾਂ ਫਿਰ ਤੂੰ ਤਿੰਨ ਦਿਨ ਦਾ ਪੈਂਡਾ ਪਿੱਛੇ ਹੱਟ ਜਾ ਫਿਰ ਅਸੀਂ ਤੇਰੇ ਇਲਾਕੇ ਵਿੱਚ ਆਕੇ ਤੇਰੇ ਨਾਲ ਯੁੱਧ ਕਰਾਂਗੇ" ਸਾਇਰਸ ਦੇ ਸਲਾਹਕਾਰਾਂ ਨੇ ਉਹਨੂੰ ਕਿਹਾ ਕਿ ਆਪਾਂ ਨੂੰ ਦਰਿਆ ਪਾਰ ਜਾਣਾ ਚਾਹੀਦਾ, ਕਿਉਂਕਿ ਜੇ ਜੱਟਾਂ ਨੂੰ ਆਪਣੇ ਇਲਾਕੇ ਵਿੱਚ ਸੱਦਦੇ ਹਾਂ ਅਤੇ ਜੇ ਯੁੱਧ ਵਿੱਚ ਉਹਨਾਂ ਦੀ ਜਿੱਤ ਹੋਈ ਤਾਂ ਫਿਰ ਉਹ ਪਿੱਛੇ ਨਹੀਂ ਮੁੱੜਨ ਲੱਗੇ ਅਤੇ ਅਸੀਂ ਆਪਣਾਂ ਸਾਰਾ ਰਾਜ ਭਾਗ ਗਵਾ ਬੈਠਾਂਗੇ।

ਦਰਿਆ ਪਾਰ ਕਰਕੇ ਸਾਇਰਸ ਨੇ ਇੱਕ ਹੋਰ ਧੋਖੇਬਾਜ਼ੀ ਦੀ ਚਾਲ ਚੱਲੀ (ਹਰੋਡੋਟਸ ਦੇ ਕਥਨ ਮੁਤਾਬਕ ਪਰਸ਼ੀਅਨ ਯੁੱਧ ਵਿੱਚ ਧੋਖੇਬਾਜ਼ੀ ਤੋਂ ਗੁਰੇਜ਼ ਨਹੀ ਕਰਦੇ) ਪਰਸ਼ੀਅਨਾਂ ਨੇ ਬਹੁੱਤ ਸਾਰੇ ਚੰਗੇ ਚੰਗੇ ਖਾਣੇ ਅਤੇ ਸ਼ਰਾਬਾਂ ਦਾ ਪ੍ਰਬੰਧ ਕਰਕੇ ਆਪਣੇ ਥੋੜੇ ਜਿਹੇ ਕਮਜ਼ੋਰ ਸੈਨਕਾਂ ਨੂੰ ਇੱਸ ਖਾਣੇ ਪਾਣੀ ਦੀ ਰਾਖੀ ਬਿਠਾਲਕੇ ਆਪ ਦੂਰ ਜਾਕੇ ਲੁੱਕ ਗਏ। ਰਾਣੀ ਤੋਮਰੀ ਦੇ ਪੁੱਤਰ ਦੇ ਸੈਨਿਕਾਂ ਦਾ ਜੱਥਾ ਗਸ਼ਤ ਕਰਦਾ ਇੱਧਰ ਆ ਨਿਕਲਿਆ। ਛੋਟੀ ਜਿਹੀ ਜੰਗ ਹੋਈ ਸਾਰੇ ਰੱਖਵਾਲੇ ਮਾਰੇ ਗਏ ਅਤੇ ਜੱਟ ਖਾਣੇ ਅਤੇ ਸ਼ਰਾਬ ਉੱਤੇ ਟੁੱਟ ਪਏ। ਖਾਣੇ ਨਾਲ ਰੱਜਕੇ ਅਤੇ ਸ਼ਰਾਬੀ ਹੋਕੇ ਸੌਂ ਗਏ। ਸਾਇਰਸ ਦੀ ਲੁੱਕੀ ਹੋਈ ਫੋਜ ਨੇ ਆਕੇ ਬਹੁਤਿਆਂ ਨੂੰ ਸੁੱਤਿਆਂ ਨੂੰ ਹੀ ਮਾਰ ਦਿੱਤਾ ਅਤੇ ਬਾਕੀਆਂ ਨੂੰ ਕੈਦੀ ਬਣਾ ਲਿਆ। ਇਹਨਾਂ ਕੈਦੀਆਂ ਵਿੱਚ ਰਾਣੀ ਤੋਮਰੀ ਦਾ ਜਵਾਨ ਪੁੱਤਰ ਵੀ ਸੀ ਜਿਹਨੇ ਬਾਦ ਵਿੱਚ ਕੈਦ ਰਹਿਣ ਨਾਲੋਂ ਮਰ ਜਾਣਾਂ ਚੰਗਾ ਸਮਝਕੇ ਖੁਦਕਸ਼ੀ ਕਰ ਲਈ। ਇਹ ਖਬਰ ਸੁਣਕੇ ਰਾਣੀ ਤੋਮਰੀ ਨੇ ਸਾਇਰਸ ਨੂੰ ਸੁਨੇਹਾਂ ਭੇਜਿਆ ਕਿ " ਮੈ ਸੂਰਜ ਭਗਵਾਨ ਦੀ ਸੌਹ ਖਾਕੇ ਤੇਰੇ ਨਾਲ ਵਾਦਾ ਕਰਦੀ ਹਾਂ ਕਿ ਤੇਰੀ ਇਨਸਾਨੀ ਲਹੂ ਦੀ ਪਿਆਸ ਮੈਂ ਬੁਝਾਵਾਂਗੀ " (ਯਾਦ ਰਹੇ ਕਿ ਪ੍ਰਾਚੀਨ ਜੱਟ ਸੂਰਜ ਪੂਜਾ ਕਰਦੇ ਸਨ) ਸਾਰਾ ਦਿਨ ਘਮਸਾਨ ਯੁੱਧ ਹੋਇਆ ਅਤੇ ਅਖੀਰ ਜਿੱਤ ਜੱਟਾਂ ਦੀ ਹੋਈ। ਮੈਦਾਨੇ ਜੰਗ ਵਿੱਚ ਦੰਮ ਤੋੜਦੇ ਸਾਇਰਸ ਕੋਲ ਇਨਸਾਨੀ ਲਹੂ ਦੀ ਇਕ ਛੱਪੜੀ ਜਿਹੀ ਬਣ ਗਈ ਸੀ। ਰਾਣੀ ਤੋਮਰੀ ਨੇ ਆਪਣੀ ਸੌਹ ਪੂਰੀ ਕਰਨ ਲਈ ਸਾਇਰਸ ਨੂੰ ਧੋਣੋਂ ਫੜਕੇ ਇਸ ਲਹੂ ਦੀ ਛੱਪੜੀ ਵਿੱਚ ਉਹਦਾ ਮੂੰਹ ਡੋਬ ਦਿੱਤਾ ਅਤੇ ਕਿਹਾ ਕਿ "ਲੈ ਜਿਨਾਂ ਜੀ ਕਰਦਾ ਹੈ ਇਨਸਾਨੀ ਲਹੂ ਪੀ ਲੈ" ਇੱਸ ਤਰਾਂ 29 ਸਾਲਾਂ ਦੇ ਰਾਜ ਤੋਂ ਬਾਦ ਸਾਇਰਸ ਦੀ ਮੌਤ ਹੋਈ। ਉੱਹ ਸਾਇਰਸ ਜੋ ਸਾਰੀ ਜਿੰਦਗੀ ਕਦੀ ਕੋਈ ਜੰਗ ਨਹੀ ਸੀ ਹਾਰਿਆ ਮਹਾਨ ਜੱਟਾਂ ਦੇ ਹੱਥੋਂ ਹਾਰਨ ਦੇ ਨਾਲ ਨਾਲ ਆਪਣੀ ਜਾਨ ਵੀ ਗਵਾ ਬੈਠਾ।

## **<u>Sarmation:</u> (Sauromatae)**

ਸਾਰਮੇਸ਼ੀਅਨ ਵੀ ਜੱਟਾਂ ਦੀ ਹੀ ਇੱਕ ਸ਼ਾਖਾ ਹੈ। ਇਹ Amazon ਮਾਂਵਾਂ ਅਤੇ Scythians (ਜੱਟ) ਪਿਤਾਵਾਂ ਦੀ ਔਲਾਦ ਹਨ। ਹਰਕੁਲੀਸ ਦੀਆਂ ਕਥਾ ਕਹਾਣੀਆਂ ਵਿੱਚ ਐਮਾਜ਼ਾਨ ਔਰਤਾਂ ਬਾਬਤ ਲਿਖਿਆ ਹੈ ਕਿ ਇਹ ਬਹੁਤ ਹੀ ਖੂਬਸੂਰਤ ਅਤੇ ਬੰਦੇ ਨਾਲੋਂ ਵੀ ਲੰਬੇ ਕੱਦ, ਨੀਲੀਆਂ ਅੱਖਾਂ ਅਤੇ ਕੱਕੇ ਵਾਲਾਂ ਵਾਲੀਆਂ ਹੁੰਦੀਆਂ ਸਨ। ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਬਰਸ਼ੀ ਸੁੱਟਣ ਵਿੱਚ ਨਿਪੁੰਨ ਅਤੇ ਬਹਾਦੁਰ ਹੁੰਦੀਆਂ ਸਨ। ਪਹਿਲਾਂ ਬਹੁਤੇ ਲੋਕ ਐਮਾਜ਼ਾਨ ਔਰਤਾਂ ਨੂੰ ਇੱਕ ਮਿੱਥਿਹਾਸਕ ਕਲਪਨਾਂ ਸਮਝਦੇ ਸਨ।ਪਰ ਹਾਲ ਵਿੱਚ ਹੀ ਹੋਈ ਕਬਰਾਂ ਦੀ ਖੋਦਾਈ ਤੋਂ ਇਹ ਸਾਬਤ ਹੁੰਦਾ ਹੈ ਕਿ ਇਸਤਰਾਂ ਦੀਆਂ ਔਰਤਾਂ ਸਚਮੁੱਚ ਹੋਈਆਂ ਹਨ। ਯੂਨਾਨੀਆਂ ਨੇ ਇੱਕਵਾਰ ਇਹਨਾਂ ਔਰਤਾਂ ਦੇ ਇੱਕ ਜੱਥੇ ਨੂੰ ਕੈਦੀ ਬਣਾ ਕੇ ਆਪਣੇ ਜਹਾਜ ਉੱਤੇ ਚੜ੍ਹਾ ਲਿਆ। ਮੌਕਾ ਮਿਲਦੇ ਹੀ ਇਹਨਾਂ ਔਰਤਾਂ ਨੇ ਜਹਾਜ ਉੱਤਲੇ ਸਾਰੇ ਯੂਨਾਨੀ ਮਾਰ ਦਿੱਤੇ। ਜਹਾਜ ਚਲਾਉਣਾਂ ਨਹੀ ਸੀ ਆਉਦਾ ਇਸ ਲਈ ਜਿਧਰ ਵੀ ਸਮੁੰਦਰ ਦਾ ਵਹਿਣ ਲੈ ਗਿਆ ਚਲੀਆਂ ਗਈਆਂ। ਕਈ ਦਿਨਾਂ ਦੇ ਸਫਰ ਤੋਂ ਬਾਦ ਇਹ ਜਹਾਜ ਸਿਥੀਅਨ ਇਲਾਕੇ ਦੇ ਕੰਢੇ ਜਾ ਲੱਗਾ। ਜੰਗਲੀ ਘੋੜਿਆਂ ਉੱਤੇ ਕਾਬੂ ਪਾ ਕੇ ਇਹ ਸਿਥੀਅਨਜ਼ ਨਾਲ ਲੜਾਈਆਂ ਕਰਨ ਲੱਗ ਪਈਆਂ। ਪਹਿਲਾਂ ਪਹਿਲ ਸਿਥੀਅਨਜ਼ ਏਹੀ ਸਮਝਦੇ ਰਹੇ ਕਿ ਇਹ ਜਵਾਨ ਮੁੰਡੇ ਹਨ ਪਰ ਜੱਦ ਉਹਨਾਂ ਨੂੰ ਪਤਾ ਲੱਗਾ ਕਿ ਇਹ ਔਰਤਾਂ ਹਨ ਤਾਂ ਆਪਸ ਵਿੱਚ ਪਿਆਰ ਮੁਹੱਬਤ ਨਾਲ ਰਹਿਣ ਲੱਗ ਪਏ। ਇਹਨਾਂ ਦੀ ਔਲਾਦ ਸਾਰਮੇਸ਼ੀਅਨ ਅਖਵਾਈ। ਇੰਗਲੈਂਡ ਦਾ ਕਿੰਗ ਆਰਥਰ ਸਾਰਮੇਸ਼ੀਅਨ ਸੀ।

ਸਾਰਮੇਸ਼ੀਅਨ ਵੀ ਸਿੱਥੀਅਨ ਭਾਸ਼ਾ ਹੀ ਬੋਲਦੇ ਸਨ ਪਰ ਲਹਿਜ਼ਾ ਵਖਰਾ ਸੀ। ਇਹਨਾਂ ਦੀਆਂ ਔਰਤਾਂ ਵੀ ਮੱਸਾ ਗੇਤਾਈ ਔਰਤਾਂ ਵਾਂਗ ਮਰਦਾਂ ਦੇ ਨਾਲ ਮੈਦਾਨੇ ਜੰਗ ਵਿੱਚ ਜਾਂਦੀਆਂ ਸਨ। ਰਾਣੀ ਤੋਮਰੀ ਦੀ ਕਹਾਣੀ ਤਾਂ ਤੁਸੀ ਪੜ੍ਹ ਹੀ ਚੁੱਕੇ ਹੋ। ਸਾਰਮੇਸ਼ੀਅਨ ਔਰਤਾਂ ਲਈ ਇਹ ਸ਼ਰਤ ਸੀ ਕਿ ਜਦ ਤੱਕ ਉਹ ਮੈਦਾਨੇ ਜੰਗ ਵਿੱਚ ਦੁਸ਼ਮਣ

ਦਾ ਕੋਈ ਬੰਦਾ ਨਾਂ ਮਾਰ ਲੈਣ ਸ਼ਾਦੀ ਨਹੀ ਸੀ ਕਰਵਾ ਸਕਦੀਆਂ। ਬਚਪਨ ਵਿੱਚ ਹੀ ਕੁੜੀਆਂ ਦੀ ਸੱਜੀ ਸ਼ਾਤੀ ਸਾੜ ਦਿੱਤੀ ਜਾਂਦੀ ਸੀ ਤਾਂ ਕਿ ਜਦ ਉਹ ਜਵਾਨ ਹੋਣ ਤਾਂ ਤੀਰ ਚਲਾਉਦੇ ਵਕਤ ਨਿਸ਼ਾਨਾ ਸੇਧਣ ਵਿੱਚ ਕੋਈ ਦਿੱਕਤ ਨਾ ਹੋਵੇ।

## HuingNu/ Hunu Balgar

ਇਹਨਾਂ ਨੂੰ XiongNu, Huns, HunuBalgar, Balanjar, WhiteHuns, Hunugur, ਅਤੇ ਕਈ ਹੋਰ ਨਾਂਵਾਂ ਨਾਲ ਜਾਣਿਆਂ ਜਾਂਦਾ ਹੈ। ਇਹ ਜੱਟਾਂ ਦੇ ਇਕ ਸੰਗਠਨ ਦਾ ਨਾਮ ਹੈ ਜਿਸ ਵਿੱਚ ਬੱਲ, ਜੌਹਲ, ਕੰਗ ਅਤੇ ਕਈ ਹੋਰ ਜੱਟ ਕਬੀਲੇ ਸ਼ਾਮਲ ਸਨ। ਇਹ ਲੋਕ 300 B.C.E ਦੇ ਕਰੀਬ ਉਤਰੀ ਚੀਨ ਦੇ ਇਲਾਕੇ ਉੱਤੇ ਹਮਲੇ ਕਰਦੇ ਰਹਿੰਦੇ ਸਨ। ਚੀਨ ਦੀ ਮਹਾਨ ਕੰਧ ਇਹਨਾਂ ਪ੍ਰਾਚੀਨ ਜੱਟਾਂ ਦੇ ਹਮਲੇ ਰੋਕਣ ਲਈ ਬਣਾਈ ਗਈ ਸੀ। ਚੀਨ ਤੋਂ ਇਲਾਵਾ ਇਹ ਚੁਨਗਾਰੀਆ ਅਤੇ ਅਲਤਾਈ ਦੇ ਇਲਾਕਿਆਂ ਉੱਤੇ ਵੀ ਹਮਲੇ ਕਰਦੇ ਰਹਿੰਦੇ ਸਨ। ਚੀਨ ਨਾਲ ਇਹਨਾਂ ਦੇ ਯੁੱਧ ਦੀਆਂ ਤਸਵੀਰਾਂ ਇਹ ਸਾਬਤ ਕਰਦੀਆਂ ਹਨ ਕਿ ਇਹਨਾਂ ਦੇ ਰੰਗ ਗੋਰੇ, ਨੱਕ ਤਿੱਖੇ ਅਤੇ ਮੂੰਹ ਉੱਤੇ ਭਰਵੀਂ ਦਾੜੀ ਹੁੰਦੀ ਸੀ। ਇਹਨਾਂ ਨੂੰ White Huns ਵੀ ਕਿਹਾ ਜਾਂਦਾ ਹੈ।
J.P Mallory ਅਤੇ Victor Mair ਦੀ ਜਗਤ ਪਰਸਿੱਧ ਕਿਤਾਬ ‘The Tarim Mummies’ ਵਿੱਚ ਇਹ ਸਾਬਤ ਕੀਤਾ ਗਿਆ ਹੈ ਕਿ HuingNu ਆਰੀਆ ਨਸਲ ਦੇ ਸਨ। ਅਤੇ ਇਹ 1800 B.C.E ਤੋਂ ਇਸ ਇਲਾਕੇ ਵਿੱਚ ਰਹਿ ਰਹੇ ਸਨ। “The new finds are also forcing a reexamination of old Chinese books that describe historical or legendary figures of great height, with deep-set blue or green eyes, long noses, full beards, and red or blond hair. Scholars have traditionally scoffed at these accounts, but it now seems that they may be accurate” (Victor Mair)

HuingNu ਦਾ ਪਹਿਲਾ ਨਾਮਵਰ ਰਾਜਾ ਦੁਮਾਨ (DouMan) (220-209 B.C.E) ਸੀ। ਸ਼ਿਕਾਰ ਖੇਡਦਿਆਂ ਰਾਜਾ ਦੁਮਾਨ ਦੀ ਮੌਤ ਇੱਕ ਹਾਦਸੇ ਵਿੱਚ ਆਪਣੇ ਪੁੱਤਰ ਮਾਦੂਨ (MaoDun) ਦੇ ਹੱਥੋਂ ਹੋਈ। ਮਾਦੂਨ ਨੇ ਆਪ ਰਾਜਾ ਬਣਕੇ DongHu, DingLin ਅਤੇ YueChi ਕਬੀਲਿਆਂ ਉਤੇ ਕਾਬੂ ਪਾਇਆ। ਯਾਦ ਰਹੇ ਕਿ YueChi ਵੀ ਇਕ ਜੱਟ ਕਬੀਲਾ ਹੀ ਸੀ ਜਿਸ ਵਿੱਚੋਂ ਕੁਸ਼ਨ ਬੰਸ ਚਲਿਆ। DongHu ਕਬੀਲੇ ਦੇ ਲੋਕ ਮੰਗੋਲ ਨਸਲ ਨਾਲ ਸਬੰਧਤ ਸਨ। ਮਾਦੂਨ ਦੀ ਮੌਤ ਸਮੇ (175 B.C.E) ਵਿੱਚ ਉਸਦਾ ਰਾਜ ਕੋਰੀਆ ਤੋਂ ਲੇਕ ਬੱਲਕਾਸ਼ ਅਤੇ ਲੇਕ ਬੈਕਾਲ ਤੋਂ ਤਿੱਬਤ ਤੱਕ ਫੈਲਿਆ ਸੀ। ਮਾਦੂਨ ਦੇ ਵਾਰਸ ਕਮਜ਼ੋਰ ਨਿਕਲੇ। ਚੀਨ ਅਤੇ ਹੋਰ ਕਬੀਲਿਆਂ ਨੇ ਆਪਣੇ ਇਲਾਕੇ ਵਾਪਸ ਜਿੱਤ ਲਏ। 55 B.C.E ਵਿੱਚ HuingNu ਜੱਟ ਦੋ ਭਾਗਾਂ ਵਿੱਚ ਵੰਡੇ ਗਏ। ਇੱਕ ਭਾਗ Aral Sea ਅਤੇ ਦੂਜਾ ਅੱਮੂ ਦਰਿਆ Oxus Valley ਦੇ ਇਲਾਕੇ ਵਿੱਚ ਡੇਰਾ ਲਾ ਕੇ ਬੈਠ ਗਿਆ। Aral Sea ਵਾਲੇ ਜੱਟ 350 C.E ਵਿੱਚ ਆਪਣੇ ਰਾਜੇ ਬੱਲਮੀਰ ਦੀ ਅਗਵਾਈ ਹੇਠ ਰੋਮ ਨੂੰ ਡਾਹ ਲਾਉਣ ਲਈ ਯੂਰਪ ਵੱਲ ਵਧੇ। Oxus Valley ਵਾਲੇ ਬੱਲ/ਜੱਟ ਇਸਤੋਂ ਵੀ ਪਹਿਲਾਂ ਸਿੰਧ ਅਤੇ ਗੁਜਰਾਤ ਵਿੱਚ ਦਾਖਲ ਹੋ ਕੇ ਆਪਣਾਂ ਬੱਲਬੀਪੁਰ ਰਾਜ ਸਥਾਪਤ ਕਰ ਚੁੱਕੇ ਸਨ।

Oxsus Valley ਦੇ ਬਾਕੀ ਜੱਟ ਕਬੀਲੇ ਤੋਰਾਮਾਨਾ ਜਵਲਾ (ਜੌਹਲ) ਦੀ ਅਗਵਾਈ ਹੇਠ ਕਹਿਰ ਬਣਕੇ ਭਾਰਤ ਦੇ ਸਹਿਕਦੇ ਗੁਪਤਾ ਰਾਜ ਉੱਤੇ ਟੁੱਟ ਪਏ। 495 C.E ਵਿੱਚ ਤੋਰਾਮਾਨਾ ਜਵਲਾ ਸਿਆਲਕੋਟ ਦਾ ਰਾਜਾ ਬਣਿਆਂ। 510 C.E ਤੋਰਾਮਾਨਾ ਦੀ ਮੌਤ ਤੋਂ ਬਾਦ ਉਹਦਾ ਪੁੱਤਰ ਮਿਹਰਗੁੱਲ ਰਾਜਾ ਬਣਿਆ। ਮਿਹਰਗੁੱਲ ਬੜਾ ਸੋਹਣਾ ਸੁਨੱਖਾ ਜਵਾਨ ਸੀ ਪਰ ਸੁਭਾ ਦਾ ਬਹੁਤ ਜ਼ਾਲਮ ਸੀ। ਇੱਕ ਸਮੇ ਇਹ ਬੋਧੀ ਬਣਨਾਂ ਚਾਹੁੰਦਾ ਸੀ। ਬੋਧੀ

ਮੱਠ ਵਾਲਿਆਂ ਨੇ ਮਿਹਰਗੁੱਲ ਦਾ ਇੱਕ ਪੁਰਾਣਾ ਨੌਕਰ ਜੋ ਬੋਧੀ ਬਣ ਚੁੱਕਾ ਸੀ ਉਸ ਨੂੰ ਮਿਹਰਗੁੱਲ ਕੋਲ ਭੇਜਿਆ। ਬ੍ਰਾਹਮਣਾਂ ਦੇ ਚੁੱਕਣ ਚੁਕਾਉਣ ਉੱਤੇ ਮਿਹਰਗੁੱਲ ਨੇ ਇੱਕ ਨੌਕਰ ਤੋਂ ਉਪਦੇਸ਼ ਲੈਣਾ ਬੇਇੱਜਤੀ ਸਮਝੀ ਅਤੇ ਬੋਧੀਆਂ ਦਾ ਵੈਰੀ ਬਣ ਗਿਆ। ਬੱਲਬੀਪੁਰ ਦੇ ਬੱਲ ਰਾਜੇ ਬੱਲਅਦਿੱਤ ਨੇ 538 C.E ਵਿੱਚ ਮਿਹਰਗੁੱਲ ਨੂੰ ਹਰਾ ਕੇ ਕੈਦੀ ਬਣਾ ਲਿਆ ਪਰ ਫਿਰ ਆਪਣੀ ਮਾਂ ਦੇ ਕਹਿਣ ਉੱਤੇ ਆਪਣੀ ਬੇਟੀ ਦੀ ਸ਼ਾਦੀ ਮਿਹਰਗੁੱਲ ਨਾਲ ਕਰ ਦਿੱਤੀ ਅਤੇ ਕਸ਼ਮੀਰ ਦਾ ਰਾਜ ਵੀ ਉਹਨੂੰ ਦੇ ਦਿੱਤਾ। 542 C.E ਵਿੱਚ ਮਿਹਰਗੁੱਲ ਮਰ ਗਿਆ।

## ਬੱਲਬੀਪੁਰ

200 C.E ਦੇ ਕਰੀਬ ਲੋਹ ਕੋਟ (ਲਹੌਰ) ਦਾ ਸੂਰਜਵੰਸ਼ੀ ਬੱਲ ਰਾਜਾ ਕਨਕ ਸੇਨ ਸੌਰਾਸ਼ਟਰ ਵੱਲ ਚਲਾ ਗਿਆ। ਕਰਨਲ ਟਾਡ ਆਪਣੀ ਜਗਤ ਪ੍ਰਸਿਧ ਕਿਤਾਬ Annals & Antiquities of Rajasthan.Volume I ਵਿੱਚ ਇੱਸ ਗੱਲ ਨਾਲ ਸਹਿਮਤ ਹੈ। ਕਨਕ ਸੇਨ ਨੇ ਬੀਰ ਨਗਰ ਦੀ ਨੀਂਹ ਰੱਖੀ।ਸਿਕੰਦ ਗੁਪਤਾ ਦਾ ਮੁੱਖ ਸੈਨਾਪਤੀ ਭਟਾਰਕ ਲਹੌਰ ਤੋਂ ਗਏ ਬੱਲ ਵੰਸ਼ੀ ਕਨਕ ਸੇਨ ਦਾ ਉੱਤਰ ਅਧਿਕਾਰੀ ਸੀ। ਭਟਾਰਕ ਨੇ Oxsus Valley ਤੋਂ ਆਏ ਬੱਲਾਂ ਦੇ ਸਹਿਯੋਗ ਨਾਲ ਸੌਰਾਸ਼ਟਰਾ ਦੇ ਇਲਾਕੇ ਉੱਤੇ ਆਪਣਾ ਕਬਜਾ ਕਰਕੇ ਅੱਜ ਦੇ ਭਾਵਨਗਰ ਦੇ ਨੇੜੇ ਬੱਲਬੀਪੁਰ ਦੇ ਬੱਲ ਰਾਜ ਦੀ ਨੀਂਹ ਰੱਖੀ ਜੋ ਤਿੰਨ ਸੌ ਸਾਲ ਤੱਕ ਕਾਇਮ ਰਿਹਾ। ਬੱਲਾਂ ਦਾ ਬੱਲਬੀਪੁਰ ਰਾਜ 318 C.E ਵਿੱਚ ਸ਼ੁਰੂ ਹੋਇਆ ਅਤੇ 660 C.E ਵਿੱਚ ਖਤਮ ਹੋਇਆ। ਬੱਲਬੀਪੁਰ ਦੇ ਪਹਿਲੇ ਰਾਜੇ ਆਪਣੇ ਨਾਮ ਦੇ ਨਾਲ ਸੇਨ (ਸੇਨਾਪਤੀ) ਹੀ ਲਿਖਦੇ ਰਹੇ ਪਰ ਬਾਦ ਵਿੱਚ ਅਦਿੱਤ (ਸੂਰਜ) ਲਿੱਖਣ ਲੱਗ ਪਏ। ਸਾਰੇ ਇੱਤਿਹਾਸਕਾਰ ਬੱਲਾਂ ਨੂੰ ਸੂਰਜਵੰਸ਼ੀ ਹੀ ਮੰਨਦੇ ਹਨ। ਅਰਬ ਇੱਤਿਹਾਸਕਾਰ ਬੱਲਾਂ ਦੇ ਇਸ ਰਾਜ ਨੂੰ ਬੱਲਹਾਰਾ ਲਿਖਦੇ ਹਨ। ਬੱਲ ਰਾਜਿਆਂ ਨੂੰ 'ਬੱਲਹ ਰਾਏ' ਜਾਂ 'ਬੱਲਹ ਰਾਇਆ' ਵੀ ਕਿਹਾ ਜਾਂਦਾ ਸੀ। ਅਰਬਾਂ ਨੇ ਬੱਲਹ ਅਤੇ ਰਾਇਆ ਦੋ ਲੱਫਜ਼ਾਂ ਨੂੰ ਇਕੱਠਾ ਕਰਕੇ ਬਲਹਾਰਾ ਬਣਾ ਲਿਆ। ਉੱਤਰ ਪ੍ਰਦੇਸ ਦੇ ਬਲਹਾਰਾ ਜੱਟ ਬੱਲ ਹੀ ਹਨ। ਅਰਬ ਸੂਤਰਾਂ ਮੁਤਾਬਕ ਅਰਬ, ਚੀਨ ਅਤੇ ਯੁਨਾਨ ਨੂੰ ਛੱਡਕੇ ਬੱਲਬੀਪੁਰ ਆਪਣੇ ਵੇਲੇ ਦਾ ਸੱਭ ਤੋਂ ਵੱਡਾ ਰਾਜ ਸੀ।

ਬੱਲਬੀਪੁਰ ਗੁਜਰਾਤ ਦਾ ਅਖੀਰਲਾ ਰਾਜਾ ਸ਼ਿਲਾਅਦਿੱਤ ਪਰਮਾਰ ਰਾਜਪੂਤ ਸੀ। ਬੱਲ ਅਤੇ ਕੁਝ ਹੋਰ ਜੱਟ ਅਤੇ ਗੁੱਜਰ ਕਬੀਲੇ ਰਾਜਪੂਤ ਕਿਵੇਂ ਬਣੇ? ਇਸ ਸਵਾਲ ਦਾ ਜਵਾਬ ਅਗੇ ਜਾ ਕੇ ਵਿਸਥਾਰ ਸਹਿਤ ਦਿਤਾ ਗਿਆ ਹੈ। ਏਥੇ ਏਨਾਂ ਹੀ ਜਾਨਣਾਂ ਜਰੂਰੀ ਹੈ ਕਿ ਅਰਬਾਂ ਦੇ ਹਮਲੇ ਸਮੇਂ ਬੱਲਬੀਪੁਰ ਦੇ ਬੱਲ ਰਾਜੇ ਹਿੰਦੂ ਰਾਜਪੂਤ ਬਣ ਚੁੱਕੇ ਸਨ। ਬੁੱਧ ਧਰਮ ਨੂੰ ਦਬਾਉਣ ਅਤੇ ਵਿਦੇਸ਼ੀ ਅਰਬਾਂ ਤੋਂ ਹਿੰਦੂ ਧਰਮ ਦੀ ਰੱਖਿਆ ਲਈ ਅੱਬੂ ਪਰਬਤ ਰਾਜਸਥਾਨ ਉੱਤੇ ਯੱਗ ਕਰਕੇ ਜੱਟਾਂ ਨੂੰ ਕਸ਼ੱਤਰੀ ਰਾਜਪੂਤ ਮੰਨਕੇ ਹਿੰਦੂ ਧਰਮ ਵਿੱਚ ਰਲਾ ਲਿਆ ਗਿਆ ਸੀ। ਪ੍ਰਾਚੀਨ ਜੱਟ ਧਰਮ ਦੇ ਬਹੁੱਤੇ ਕੱਟੜ ਨਹੀ ਸਨ। ਪਹਿਲਾਂ ਪਹਿਲ ਸੂਰਜ ਨੂੰ ਮੰਨਦੇ ਸਨ ਫਿਰ ਦੇਵੀ ਦੇਵਤਿਆਂ ਨੂੰ ਮੰਨਣ ਲੱਗ ਪਏ। ਫਿਰ ਕੁਝ ਚਿਰ ਲਈ ਜ਼ੋਰੋਅੱਸਤਰੀਅਨ ਪ੍ਰਭਾਵ ਥੱਲੇ ਆ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਜ਼ੋਰੋਅਸਤਰ ਨੂੰ ਮਾਰਨ ਵਾਲੇ ਵੀ ਜੱਟ ਹੀ ਸਨ। ਫਿਰ ਬਹੁੱਤ ਚਿਰ ਜੈਨ ਅਤੇ ਬੁੱਧ ਧਰਮ ਨੂੰ ਮੰਨਦੇ ਰਹੇ। ਰਾਜਪੂਤੀ ਸਮੇ ਵਿੱਚ ਸਾਰੇ ਨਹੀਂ ਕੁਝ ਕੁ ਜੱਟ ਕਬੀਲੇ ਹਿੰਦੂ ਧਰਮ ਨੂੰ ਮੰਨਣ ਲੱਗ ਪਏ। ਅਰਬ ਮੁਸਲਮਾਨਾਂ ਦੇ ਜੋਰ ਸਮੇ ਬਹੁੱਤ ਜੱਟ ਮੁਸਲਮਾਨ ਬਣ ਗਏ ਅਤੇ ਫਿਰ ਸਿੱਖ ਧਰਮ ਦੇ ਆਗਮਣ ਉੱਤੇ ਕਾਫੀ ਜੱਟ ਖਾਸਕਰ ਪੰਜਾਬੀ ਜੱਟ ਸਿੱਖ ਬਣ ਗਏ। ਜੋ ਜੱਟ ਯੂਰਪ ਵੱਲ ਗਏ ਪਹਿਲਾਂ ਉਹ ਮੁਸਲਮਾਨ ਧਰਮ ਅਤੇ ਫਿਰ ਇਸਾਈ ਧਰਮ ਨੂੰ ਮੰਨਣ ਲੱਗ ਪਏ। ਬੱਲਬੀਪੁਰ ਵਾਲੇ ਬੱਲ ਪਹਿਲਾਂ ਜੈਨ ਅਤੇ ਬੋਧੀ ਸਨ ਫਿਰ ਹਿੰਦੂ ਰਾਜਪੂਤ ਬਣ ਗਏ।

ਰਾਜੇ ਹਰਸ਼ਵਰਧਨ ਨੇ ਬੱਲਬੀਪੁਰ ਦੇ ਰਾਜੇ ਬੱਲਅਦਿੱਤ ਨਾਲ ਸੰਧੀ ਕਰਕੇ ਆਪਣੀ ਧੀ ਦੀ ਸ਼ਾਦੀ ਉਹਦੇ ਨਾਲ ਕਰ ਦਿੱਤੀ। 644 C.E ਵਿੱਚ ਹਰਸ਼ਵਰਧਨ ਨੇ ਕਨੌਜ ਦਾ ਮਸ਼ਹੂਰ ਸੰਮੇਲਨ ਕੀਤਾ ਜਿਸ ਵਿੱਚ ਬੱਲਅਦਿੱਤ ਦੋਸਤ ਰਾਜੇ ਵਜ਼ੋਂ ਮਹਿਮਾਨ ਸੀ। ਚੀਨੀ ਯਾਤਰੀ ਹੂਨ ਸਾਂਗ (HiuenTsang) ਵੀ ਇਸ ਸੰਮੇਲਨ ਵਿੱਚ ਸ਼ਾਮਲ ਹੋਇਆ ਸੀ। ਤਿੰਨ ਸੌ ਸਾਲ ਦਾ ਬੱਲ ਜੱਟਾਂ ਦਾ ਬੱਲਬੀਪੁਰ ਰਾਜ ਸੌਰਾਸ਼ਟਰ ਦਾ ਸੁਨਿਹਰੀ ਯੁੱਗ ਗਿਣਿਆਂ ਜਾਂਦਾ ਹੈ। ਹੂਨ ਸਾਂਗ ਜੋ ਬੱਲਅਦਿੱਤ ਦੇ ਰਾਜ ਸਮੇ ਬੱਲਬੀਪੁਰ ਗਿਆ, ਇੱਸ ਨੂੰ ਪੰਜ ਮੀਲਾਂ ਵਿੱਚ ਖਿਲਰਿਆ ਖੁਸ਼ਹਾਲ ਅਤੇ ਸ਼ਾਹਾਨਾਂ ਬੋਧੀ ਮੰਦਰਾਂ ਦਾ ਸ਼ਹਿਰ ਲਿੱਖਦਾ ਹੈ। ਅਰਬਾਂ ਦੇ ਹਮਲੇ ਸਮੇਂ ਬੱਲਬੀਪੁਰ ਦਾ ਅਖੀਰਲਾ ਬੱਲ ਰਾਜਾ ਸਿਲਾਅਦਿੱਤ ਛੇਂਵਾਂ ਮਾਰਿਆ ਗਿਆ। ਸਿਲਾਅਦਿੱਤ ਦੀ ਗਰਭਵਤੀ ਰਾਣੀ ਉੱਸ ਵਕਤ ਇੱਦਾਰ ਰਾਜਸਥਾਨ ਵਿੱਚ ਤੀਰਥ ਯਾਤਰਾ ਉੱਤੇ ਗਈ ਸੀ। ਇਸਤਰਾਂ ਰਾਣੀ ਅਤੇ ਉਸਦੇ ਹੋਣ ਵਾਲੇ ਬੱਚੇ ਗੋਹਿਲ ਦੀ ਜਾਨ ਬੱਚ ਗਈ ਜਿਸ ਨੇ ਵੱਡੇ ਹੋ ਕੇ ਬੱਲਾਂ ਦੇ ਗਹਿਲੋਤ ਖਾਨਦਾਨ ਦੀ ਨੀਂਹ ਰੱਖੀ ਜੋ ਬਾਦ ਵਿੱਚ ਮੇਵਾੜ ਅਤੇ ਸਿਸੋਦੀਆ ਖਾਨਦਾਨ ਅਖਵਾਏ।

## ਬੱਲਬੀਪੁਰ ਦੇ ਬੱਲ ਰਾਜੇ:

- ਭਟਾਰਕ
- ਧਾਰਾਸੇਨ (ਪਹਿਲਾ)
- ਧਰੋਨਾਸਿੰਹ
- ਧਰੂਸੇਨ (ਪਹਿਲਾ)
- ਧਾਰਪੱਤ
- ਗੁਹਾਸੇਨ
- ਧਾਰਾਸੇਨ (ਦੂਜਾ)
- ਸਿਲਾਅਦਿੱਤ (ਪਹਿਲਾ)
- ਖਾਰਗਰਾਹ (ਪਹਿਲਾ)
- ਧਾਰਾਸੇਨ (ਤੀਜਾ)
- ਧਰੂਸੇਨ (ਦੂਜਾ) (ਬੱਲਅਦਿੱਤ)
- ਧਾਰਾਸੇਨ (ਚੌਥਾ)
- ਧਰੂਸੇਨ (ਤੀਜਾ)
- ਖਾਰਗਰਾਹ (ਦੂਜਾ)
- ਸਿਲਾਅਦਿੱਤ (ਦੂਜਾ)
- ਸਿਲਾਅਦਿੱਤ (ਤੀਜਾ)
- ਸਿਲਾਅਦਿੱਤ (ਚੌਥਾ)
- ਸਿਲਾਅਦਿੱਤ (ਪੰਜਵਾਂ)
- ਸਿਲਾਅਦਿੱਤ (ਛੇਂਵਾਂ)

ਅਰਬਾਂ ਨੇ ਬੱਲਬੀਪੁਰ ਦੇ ਰਾਜ ਨੂੰ ਬੱਲਹਾਰਾ ਲਿਖਿਆ ਹੈ। ਸੁਲੇਮਾਨ ਲਿਖਦਾ ਹੈ ਕਿ ਬੱਲਹਾਰਾ ਇੱਕ ਰੁੱਤਬਾ ਹੈ ਜਿਵੇਂ ਇਰਾਨੀਆਂ ਦਾ ਖੁਸਰੋ। ਇਬਨ ਖੁਰਦਾਬਾ ਅਤੇ ਇਦਰੀਸੀ ਕਹਿੰਦੇ ਹਨ ਕਿ ਬੱਲਹਾਰਾ ਦਾ ਮਤਲਬ ਹੈ ਬਾਦਸ਼ਾਹਾਂ ਦਾ ਬਾਦਸ਼ਾਹ ਅਤੇ ਇਹ ਪੀੜ੍ਹੀ ਦਰ ਪੀੜ੍ਹੀ ਵਰਤਿਆ ਜਾਂਦਾ ਹੈ। ਇਸ ਤੋਂ ਇਹ ਸਾਫ ਜ਼ਾਹਿਰ

ਹੁੰਦਾ ਹੈ ਕਿ ਇਹ ਇੱਕ ਖਾਨਦਾਨ ਦਾ ਨਾਮ ਹੈ। ਇਬਨ ਖੁਰਦਾਬਾ ਆਪਣੀ ਕਿਤਾਬ ਮੱਸਾਲਿਕ ਵ ਮਾਮਾਲਿਕ ਵਿੱਚ ਲਿਖਦਾ ਹੈ ਕਿ ਇਹ ਬੱਲ ਰਾਜੇ ਕੰਨਾਂ ਵਿੱਚ ਮੁੰਦਰਾਂ ਪਾਉਂਦੇ ਹਨ ਅਤੇ ਰਾਜੇ ਦੀ ਸ਼ਾਪ ਦੇ ਨੱਗ ਉੱਤੇ ਉੱਕਰਿਆ ਹੈ ਕਿ " ਸੋਚ ਸਮਝ ਕੇ ਸ਼ੁਰੂ ਕੀਤਾ ਕੰਮ ਹਮੇਸ਼ਾ ਸਫਲ ਹੁੰਦਾ ਹੈ"

ਅਰਬ ਸੂਤਰਾਂ ਮੁਤਾਬਕ ਹਿੰਦਸਤਾਨ ਦੇ ਸੱਭ ਰਾਜੇ ਬੱਲਾਂ ਦੇ ਬੱਲਬੀਪੁਰ ਰਾਜ ਦੀ ਅਧੀਨਗੀ ਮੰਨਦੇ ਹਨ ਅਤੇ ਇਹਨਾਂ ਨੂੰ ਸਲਾਨਾ ਟੈਕਸ ਦਿੰਦੇ ਹਨ। ਬੱਲਬੀਪੁਰ ਦੇ ਰਾਜੇ ਅਰਬਾਂ ਨਾਲ ਚੰਗਾ ਸਲੂਕ ਕਰਦੇ ਹਨ ਅਤੇ ਇਹਨਾਂ ਦੇ ਰਾਜ ਵਿੱਚ ਅਰਬਾਂ ਨੂੰ ਕੋਈ ਖਤਰਾ ਨਹੀਂ। ਬੱਲ ਰਾਜ ਦੇ ਆਪਣੇ ਸਿੱਕੇ ਹਨ ਜਿਹਨਾਂ ਨੂੰ ਬੱਲੋਤਰਾ ਕਹਿੰਦੇ ਹਨ। ਲੱਖਾਂ ਘੋੜੇ ਅਤੇ ਹਜ਼ਾਰ ਹਾਥੀਆਂ ਵਾਲੀ ਫੋਜ ਨੂੰ ਬਾਕਾਇਦਾ ਤਨਖਾਹ ਮਿਲਦੀ ਹੈ। ਹਿਜਰੀ ਸੰਮਤ ਦੀ ਬਜਾਏ ਬੱਲ ਆਪਣੀ ਸੰਮਤ ਵਰਤਦੇ ਹਨ। ਬੁੱਧ ਧਰਮ ਨੂੰ ਮੰਨਣ ਵਾਲੇ ਇਹਨਾਂ ਬੱਲ ਰਾਜਿਆਂ ਦੀ ਲੰਮੀ ਉਮਰ ਅਤੇ ਖਜਾਨੇ ਵਿੱਚ ਬੇਸ਼ੁਮਾਰ ਦੌਲਤ ਹੈ।

ਅਰਬ ਲਿਖਾਰੀ ਬੱਲਬੀਪੁਰ ਰਾਜ ਦੇ ਅਨਹਲਵਾਰਾ ਪੱਤਨ ਨੂੰ ਨਹਲਵਾਰਾ ਅਤੇ ਮੰਡੂ ਗੜ੍ਹ ਨੂੰ ਮਨਕੀਰ ਲਿਖਦੇ ਹਨ। ਮੁਹੰਮੱਦ ਉਫੀ ਜਾਮੀਉਲ ਹਿਕਾਇਤ ਬੱਲਾਂ ਦੇ ਅਨਹੱਲਵਾਰਾ ਪੱਤਨ ਉੱਤੇ ਹਮਲੇ ਦਾ ਜ਼ਿਕਰ ਕਰਦਾ ਹੈ। ਕਰਨਲ ਟਾਡ ਦੇ ਬਿਆਨ ਮੁਤਾਬਕ ਬੱਲਬੀਪੁਰ ਦੀ ਤਬਾਹੀ ਤੋਂ ਬਾਦ ਬੱਲ ਰਾਜਸਥਾਨ (ਚਿਤੌੜ) ਮਾਲਵਾ (ਮੰਡੂ ਗੜ੍ਹ, ਧਾਰਾ ਨਗਰੀ) ਅਤੇ ਅਨਹੱਲਵਾਰਾ ਪੱਤਨ ਸੋਮਨਾਥ ਪੱਤਨ ਦੇ ਇਲਾਕਿਆਂ ਉੱਤੇ ਰਾਜ ਕਰਨ ਲੱਗ ਪਏ। ਸੋਮਨਾਥ ਦੇ ਮਸ਼ਹੂਰ ਮੰਦਰ ਦੀ ਦੁਬਾਰਾ ਉਸਾਰੀ ਵਿੱਚ ਵੀ ਬੱਲਾਂ ਦਾ ਹੱਥ ਹੈ। ਮਰਚੈਂਟ ਸੁਲੇਮਾਨ, ਅਬੂਜ਼ੈਦ ਅਲ ਸਿਰਾਫ, ਅਲ ਮਸੂਦੀ, ਇਬਨ ਖੁਰਦਾਬਾ, ਅਬੂ ਇਸ਼ਕ ਅਲ ਇਸਤਾਖਰੀ, ਇਬਨ ਹਉਕਾਲ, ਅਲ ਇਦਰੀਸੀ ਚੀਨੀ ਯਾਤਰੀ ਹੂਨ ਸਾਂਗ, ਅੰਗਰੇਜ਼ ਇੱਤਿਹਾਸਕਾਰ ਕਰਨਲ ਟਾਡ, ਸਰ ਇਲੀਅਟ ਅਤੇ ਡਾਹਸਨ ਇਹ ਸਾਰੇ ਤਾਰੀਖ ਅਤੇ ਜੁਗਰਾਫੀਆ ਦੇ ਵਿਸ਼ਵ ਪ੍ਰਸਿਧ ਲਿਖਾਰੀ ਹਨ। ਇਹਨਾਂ ਦੀਆਂ ਲਿਖਤਾਂ ਬੱਲਬੀਪੁਰ ਦੇ ਬੱਲ ਰਾਜ ਦਾ ਬਿਨਾਂ ਸ਼ੱਕ ਸ਼ੁਬਾ ਸਮਰਥਨ ਕਰਦੀਆਂ ਹਨ।

ਸੰਨ 1822 C.E ਵਿੱਚ ਸੋਮਨਾਥ ਪੱਤਨ ਉੱਤੇ ਦੇਵਨਾਗਰੀ ਭਾਸ਼ਾਂ ਵਿੱਚ ਲਿਖੀ ਇੱਕ ਸ਼ਿਲਾ ਲਿਖਤ ਮਿਲੀ ਜਿਸ ਵਿਚ ਬੱਲਬੀਪੁਰ ਅਤੇ ਨਹਰਵਾਲਾ ਦੇ ਬੱਲ ਰਾਜਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਲਿਖਤ Somnath Inscription ਦੇ ਨਾਮ ਨਾਲ ਮਸ਼ਹੂਰ ਹੈ। ਹੇਠਾਂ ਦਿਤਾ ਗਿਆ ਅੰਗਰੇਜ਼ੀ ਅਨੁਵਾਦ ਕਰਨਲ ਜੇਮਜ਼ ਟਾਡ ਦੀ ਵਿਸ਼ਵ ਪ੍ਰਸਿਧ ਕਿਤਾਬ Annal and Antiquities of Rajastan ਪ੍ਰਕਾਸ਼ਤ ਮੁਨਸ਼ੀ ਰਾਮ ਮਨੋਹਰ ਲਾਲ ਨਵੀਂ ਦਿੱਲੀ ਵਿੱਚੋਂ ਲਿਆ ਗਿਆ ਹੈ।

## **Somnath Inscription:**

Adoration to the lord of all, to the light of the universe (1). Adoration to the form indescribable:Him! At whose feet all kneel.

In the year of Mauhammad 662, and in that Vicrama 1320, and that of Srimad Balabhi 945, and the SivaSinga Samvat 151, Sunday, the $13^{th}$ (badi) of the month Asar. (2)

The chiefs of Anhulpoor Patun obeyed by numerous princes (here is a string of titles, Bhataric Srimad Arjuna Deva (3) of the Chaluc race his minister Sri Maldeva, with all the officers of government, together with Hormuz of Belacool, of the Government of Ameer Rookn-oo- Din, and of Khwaja Ibrahim of Hormuz, son of Admiral (Nakhoda) Noor-oo-Din Feeroz, together with the CHAURA chieftains

Palookdeva, Ranik Sri Someswadeva, Ramdeva, Bheemsing, and all the Chaura and other tribes of rank being assembled;

NANSI RAJA, of the Chaura race, inhabiting Deo Puttun (4), assembling all the merchants, established ordinances for the repairs and other support of the temples, in order that flowers, oil, and water, should be regularly supplied to Rutna-iswara (5), Choul-iswara (6), and the shrine of Pulinda Devi (7), and the rest, and for the purpose of erecting a wall round the temple of Somnath, and a gateway to the North. Keeindeo, son of Modula, and Loomsi, son of Johan, both of the Chaura race, together with the two merchants, Balji and Kurna, bestowed the weekly profits of the market for this purpose. While the sun and moon endure, let it not be resumed.

Feeroz is commanded to see this order obeyed, and that the customary offerings on Festivals are continued, and that all surplus offerings and gifts be placed in the treasury for the purposes afore-ordained. The Chaura chiefs present, and Admiral Noor - oo- Din, are commanded to see these orders executed on all classes. Herein will be the lot of then obedient: hell to the breaker of the ordinance.
----------------------------------

(Note 1). The invocation, which was long, has been omitted by me. But this is sufficient to show that BAL- Nath, the deity worship in PUTTUN SOMNATH, `the city of the Sun and Moon,' was the sun-god Bal. Hence the title of the dynasties which ruled this region, BAL - CA- RAI.' The princes of Bal' and hence the capital BALICAPOOR, ` city of the sun', familiarly written Balabhi, whose ruins, as well as this inscription, rewarded a long journey. The Rana's ancestors, the Suryas or ` Sun worshipers' gave their name to the peninsula Saurastra, or Syria, and the dynasties of CHAURA and CHALUC, or SOLANKI, who succeeded them on their expulsion by the Parthians, retained the title of BALICARAES, corrupted by Reaudot's Arabian travellers' into BALHARA.

(Note2) - the importance of the discovery of these new eras has already been described in the annals, S 1320 - 945, the date of this inscription = 375, of the Vicrama for the first of the Balabhi era; 1320 - 151 gives S 1169 of the Vicrama for the establishment of the Seavsinga era - established by the Gohils of the island of Deo, of whom I have another memorial, dated 927 of the Balabhi Samvat. The Gohils, Chauras, and Gehlotes are all of the same stock.

(Note 3). Arjuna Deva, Chaluc, was prince of Anhulpoor or Anhulwarra, founded by Vanraj Chaura in S 802 - henceforth the capital of the Balica Raes after the destruction of Balabhi.

(Note 4)- From this it is evident that the Islandic Deo was a dependent fief of Anhulwarra.

(Note 5) - the great Temple of Somnath.

(Note 6) - The tutelary deity of the Chaluc race.

(Note 7) - The goddess of the Bhil Tribes

ਭੀਮ ਸਿੰਘ ਦਾਹੀਆ ਆਪਣੀ ਵਿਸ਼ਵ ਪ੍ਰਸਿਧ ਕਿਤਾਬ 'Jats The Ancient Rulers' ਵਿੱਚ ਬੱਲਾਂ ਦੇ ਬੱਲਬੀਪੁਰ ਰਾਜ ਬਾਬਤ ਲਿਖਦਾ ਹੈ ਕਿ, "This clan (Bal) too, finds numerous references. A country of Balhara, adjoining Jurz(Gujar) country,is mentioned as situated on the eastern sea coast in connection with the location of "A Race of Fair women"(Journal of Royal Asiatic Society of India p.163). The Muslim historians, Abuzaid (916 A.D) and Al Masudi (943 A.D) speaks of two empires, named as Juzr and Balhara. Juzr is identified as Gujar kingdom and the Arab combined BAL-H-RAI as a Balhara. The rulers of balabhipura(Balhara) were Bal Jats, who carved out an independent kingdom after the Dharan (Gupta) empire disintegrated. Col. Tod quotes Strunjaya Mahatmya in which the author, Dhanesvara Suri, Guru of Siladitya VII wrote, " From Balabhi, the Bals settled in other countries". We have the name Balhara itself, and they are known to have played significant political/military role in the history of Kashmir and other areas.In Kashmir we know Rajavadan Balhara son of Teja Balhara from Kalhana's Rajatrangini. Stein says that Balhara is evidently a family or clan name. It was the period of Jaya Simha (Jai Singh) 1128-1149 A.D and Kalhana was witnessing the contemporary scene as he wrote Rajtarangini in 1149—1150 A.D. Rajvadan Balhara was governor of Evesaka and other districts. Plots, counter plots were taking place, moral and military characters were on the low ebb. But about Balhara himself Kalhana Says " Balhara Possessed a certain natural perfection of resolve and character, which, nowadays, is rare indeed, even among brave men. He thus did not act treacherously against Dhanyu who had come to him inconsiderately; nor against Bhoja, as he might have done from greed."

## ਬੱਲ/ਬਲੋਚ

ਬਲੋਚ ਕੌਣ ਹਨ? ਇਕ Theory ਮੁਤਾਬਕ ਇਹ Syria ਦੇ Aleppo ਖੇਤਰ ਦੇ ਰਹਿਣ ਵਾਲੇ ਸਨ। Baal ਨਾਮ ਦਾ ਇੱਕ ਅਸੁਰ ਇਸ਼ਟ ਜਿਹਨੇ ਯੱਮ ਨਾਲ ਯੁੱਧ ਕੀਤੀ ਵੀ ਏਸੇ ਇਲਾਕੇ ਦਾ ਸੀ। Carthegian General HanniBal, ਅਤੇ ਉਹਦਾ ਪੁੱਤਰ AsdhruBal ਵੀ ਏਸੇ ਇਲਾਕੇ ਦੇ ਹਨ। Hannibal ਨਾਮ ਦਾ ਮਤਲਬ ਹੈ "ਬੱਲ ਦੀ ਮਿਹਰ"। ਪੁਰਾਣਾਂ ਵਾਲਾ ਰਾਜਾ ਬੱਲਅਸੁਰਾ ਹੀ ਅਸੀਰੀਆ ਦਾ Asurbanipal ਹੈ। ਖੁਰਦਿਸਤਾਨ ਦੇ Malatya ਇਲਾਕੇ ਵਿੱਚ ਅੱਜ ਵੀ ਬੱਲ ਰਹਿੰਦੇ ਹਨ ਜੋ ਆਪਣੇ ਆਪ ਨੂੰ Baliyan ਕਹਾਉਦੇ ਹਨ। ਯਾਦ ਰਹੇ ਕਿ ਉੱਤਰ ਪ੍ਰਦੇਸ ਦੇ ਬੱਲ ਵੀ ਆਪਣੇ ਆਪ ਨੂੰ ਬੱਲੀਆਂ ਕਹਾਉਦੇ ਹਨ। ਬਹਿਸ ਕੀਤੀ ਜਾ ਸਕਦੀ ਹੈ ਕਿ ਮਿਲਦੇ ਜੁਲਦੇ ਨਾਮ ਹੋਣਾਂ ਕੋਈ ਬਹੁਤ ਵੱਡਾ ਸਬੂਤ ਨਹੀ। ਪਾਠਕਾਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਬੱਲ ਨਾਮ ਏਨੀ ਵੱਡੀ ਗਿਣਤੀ ਵਿੱਚ ਸਿਰਫ ਏਹਨਾਂ ਖੇਤਰਾਂ ਵਿੱਚ ਹੀ ਮਿਲਦਾ ਹੈ ਦੁਨੀਆਂ ਵਿੱਚ ਹੋਰ ਕਿਤੇ ਨਹੀ।

"Even the similarity or identity of the name is sufficient proof unless the contrary is proved" (B.S Dahiya)

ਜੱਟ ਬੱਲਾਂ ਅਤੇ ਬਲੋਚਾਂ ਦਾ ਕੀ ਰਿਸ਼ਤਾ ਹੈ? Archaeological ਖੋਜ਼ਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਪੱਥਰ ਯੁੱਗ ਵੇਲੇ ਬਲੋਚਿਸਤਾਨ ਦਾ ਮਿਹਰਗੱੜ ਦਾ ਇਲਾਕਾ ਅਬਾਦ ਸੀ। ਇਹ ਲੋਕ ਕੋਣ ਸਨ ਕੋਈ ਨਹੀਂ ਜਾਣਦਾ। ਸਿਕੰਦਰ ਦੇ ਹਮਲੇ ਸਮੇ ਇਹ ਇਲਾਕਾ Persian Empire ਵਿੱਚ ਆਉਦਾ ਸੀ ਅਤੇ ਇਹਨੂੰ ਮੱਕਰਾਨ ਕਿਹਾ ਜਾਂਦਾ ਸੀ। ਬਲੋਚਿਸਤਾਨ ਨਾਮ ਬਹੁੱਤ ਬਾਦ ਵਿੱਚ ਪਿਆ। ਸਿਕੰਦਰ ਦੀ ਵਾਪਸੀ ਸਮੇ ਉਹਦੀ ਫੌਜ ਦਾ ਸੱਭ ਤੋਂ ਜਿਆਦਾ ਜਾਨੀ ਨੁਕਸਾਨ ਇਸ ਇਲਾਕੇ ਦੇ ਜੱਟ ਕਬੀਲੇ ਬੱਲ, ਕਾਠੀ ਅਤੇ ਰਾਏ ਨੇ ਕੀਤਾ। ਸਿਕੰਦਰ ਆਪ ਵੀ ਬਹੁੱਤ ਬੁਰੀ ਤਰਾਂ ਜਖਮੀ ਹੋਇਆ। ਇਸਤੋਂ ਬਾਦ ਇਹ ਇਲਾਕਾ ਇਰਾਨ ਦੇ ਜ਼ੋਰੋਅਸਤ੍ਰੀਅਨ, ਬੋਧੀ ਅਤੇ ਹਿੰਦੂ ਰਾਜਿਆਂ ਦੇ ਅਧੀਨ ਰਿਹਾ।

ਬਲੋਚਾਂ ਬਾਰੇ ਦੂਜੀ Theory ਇਹ ਹੈ ਕਿ ਬੱਲਾਂ ਦਾ ਗੁਜਰਾਤ ਦਾ ਬੱਲਬੀਪੁਰ ਰਾਜ ਅਰਬਾਂ ਨੇ ਤਬਾਹ ਕਰ ਦਿੱਤਾ। ਜੋ ਬੱਲ ਮੁਸਲਮਾਨ ਬਣ ਗਏ ਉਹ ਆਪਣੇ ਆਪ ਨੂੰ ਬਲੋਚ ਅਖਵਾਉਣ ਲੱਗ ਪਏ।

ਇਸ ਥੀਉਰੀ ਦੀ ਪ੍ਰੋੜਤਾ ਲਈ ਤਿੰਨ ਗੱਲਾਂ ਹਨ।

(1) ਮੱਕਰਾਨ ਦਾ ਨਾਮ ਬਲੋਚਿਸਤਾਨ ਅਰਬਾਂ ਦੇ ਹਮਲੇ ਸਮੇ ਪਿਆ ਪਰ ਬੱਲ ਜੱਟ ਇਸਤੋਂ ਪਹਿਲਾਂ ਵੀ ਇਸ ਇਲਾਕੇ ਵਿੱਚ ਰਹਿੰਦੇ ਸਨ।
(2) ਅੰਗਰੇਜ਼ ਦੇ ਰਾਜ ਸਮੇ ਬਲੋਚਾਂ ਨੂੰ ਇਹ ਪੁੱਛਿਆ ਗਿਆ ਸੀ ਕਿ ਉਹ ਆਪਣੇ ਫੈਸਲੇ ਇਸਲਾਮੀ ਸ਼ਰ੍ਹਾ ਜਾਂ ਫਿਰ ਆਪਣੇ ਰਿਵਾਜ਼ ਮੁਤਾਬਕ ਕਰਨਾ ਚਾਹੁੰਣਗੇ ? ਬਲੋਚਾਂ ਨੇ ਰਿਵਾਜ਼ ਨੂੰ ਪਸੰਦ ਕੀਤਾ। ਇਸ ਤੋਂ ਇਹ ਜਾਹਰ ਹੁੰਦਾ ਹੈ ਕਿ ਇਸਲਾਮ ਦਾ ਉਹਨਾਂ ਉੱਤੇ ਅਜੇ ਕੋਈ ਡੂੰਗਾ ਅਸਰ ਨਹੀ ਸੀ ਹੋਇਆ।
(3) ਕਈ ਇਹ ਕਹਿੰਦੇ ਹਨ ਨਾਮ ਬਲੋਚ (ਬੱਲ-ਉੱਚ) ਆਪਣੇ ਆਪ ਹੀ ਸਬੂਤ ਹੈ ਕਿ ਬਲੋਚ ਵੀ ਬੱਲ ਹੀ ਹਨ।

ਰਾਵਲਪਿੰਡੀ ਦਾ ਇਕ ਇਤਿਹਾਸਕਾਰ ਮੀਆਂ ਸ਼ਾਹ ਲਿੱਖਦਾ ਹੈ ਕਿ ਸਿੱਖ ਬੱਲ ਅਤੇ ਮੁਸਲਮਾਨ ਬੱਲ ਹੈ ਤਾਂ ਦੋਵੇਂ ਜੱਟ ਪਰ ਵੱਖੋ ਵੱਖਰਿਆਂ ਕਬੀਲਿਆਂ ਨਾਲ ਸਬੰਧ ਰੱਖਦੇ ਹਨ। ਮੀਆਂ ਸ਼ਾਹ ਮੁਸਲਮਾਨ ਬੱਲਾਂ ਨੂੰ ਹਜ਼ਰਤ ਬੱਲ ਨਾਲ ਜੋੜਦਾ ਹੈ। ਸਿਰੀਨਗਰ ਵਿੱਚ ਹਜ਼ਰਤ ਬੱਲ ਦੀ ਇੱਕ ਬਹੁੱਤ ਸ਼ਾਨਦਾਰ ਮਸਜਿਦ ਹੈ। ਜੱਟਾਂ ਦੇ ਇੱਕ ਹੀ ਨਾਮ ਵਾਲੇ ਦੋ ਕਬੀਲੇ ਹੋਣ ਦੀ ਗੱਲ ਕੁਝ ਜੱਚਦੀ ਨਹੀ। ਇਸਲਾਮ ਛੇਵੀਂ ਸਦੀ ਦੀ ਦੇਣ ਹੈ ਅਤੇ ਹਜ਼ਰਤ ਬੱਲ ਸਾਹਿਬ ਤਾਂ ਉਸਤੋਂ ਵੀ ਬਾਦ ਹੋਏ। ਬੱਲਾਂ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ ਅਤੇ ਮੁਸਲਮਾਨ ਬੱਲ ਵੀ ਏਸੇ ਦੀ ਹੀ ਇੱਕ ਸ਼ਾਖਾ ਹਨ। ਇਸ ਵਿੱਚ ਹੈਰਾਨੀ ਵਾਲੀ ਕੋਈ ਗੱਲ ਨਹੀ ਹੋਣੀ ਚਾਹੀਦੀ। ਜੱਟ ਸਿੱਖਾਂ ਦੇ ਲੱਗ ਭੱਗ ਸਾਰੇ ਗੋਤ ਮੁਸਲਮਾਨ ਜੱਟਾਂ ਵਾਲੇ ਹੀ ਹਨ। ਇਸ ਲਈ ਇਸ ਗੱਲ ਵਿੱਚ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਕਿ ਸਿੱਖ ਬੱਲ, ਹਿੰਦੂ ਬੱਲ ਅਤੇ ਮੁਸਲਮਾਨ ਬੱਲ ਇਕੋ ਹੀ ਕਬੀਲੇ ਨਾਲ ਸਬੰਧਤ ਹਨ। ਸਿਰਫ ਧਰਮ ਵੱਖਰੇ ਹਨ।

ਬਲੋਚਾਂ ਬਾਬਤ ਬਹੁੱਤੇ ਇੱਤਿਹਾਸਕਾਰ ਪਹਿਲੀ ਥੀਉਰੀ ਨਾਲ ਹੀ ਸਹਿਮਤ ਹਨ ਕਿ ਇਹ ਲੋਕ ਪ੍ਰਾਚੀਨ ਸਮੇਂ ਵਿੱਚ Syria , Turkey, Turkmenistan, Tajikstan, Afganistan ਆਦਿਕ ਇਲਾਕਿਆਂ ਵਿੱਚ ਰਹਿੰਦੇ ਸਨ। ਭਾਰਤੀ ਪੁਰਾਣ ਵੀ ਇਹਨਾਂ ਇਲਾਕਿਆਂ ਨੂੰ ਹੀ ਬੱਲਾਂ ਦਾ ਇਲਾਕਾ ਕਹਿੰਦੇ ਹਨ। ਲਾਲ ਚੰਦ ਰੀਸਰਚ ਲਾਇਬ੍ਰੇਰੀ ਦੇ ਡਾਇਰੈਕਟਰ ਭਗਵਤ ਦੱਤ ਦੇ ਕਥਨ ਅਨੁਸਾਰ ਬੱਲ ਜੱਟ ਅਤੇ ਬਲੋਚ ਆਰੀਆਂ ਦੇ ਅੱਨੂ ਕਬੀਲੇ ਨਾਲ ਸਬੰਧ ਰੱਖਦੇ ਹਨ। ਸੁਮੇਰੀਅਨ, ਬੈਬੀਲੋਨੀਅਨ ਅਤੇ ਅਸੀਰੀਅਨ ਵੀ ਬੱਲ ਅਤੇ ਅੱਨੂ ਇਸ਼ਟਾਂ ਦੀ ਪੂਜਾ ਕਰਦੇ ਸਨ।

## ਬੱਲ ਅਤੇ ਰਾਜਪੂਤ:

ਬੱਲ, ਬੱਲਾ/ਬੱਲੀ/ਬੱਲੀਆਨ/ਬੱਲਹਾਰਾ/ਬੱਲਗਾਰ ਆਦਿਕ ਨਾਂਵਾਂ ਨਾਲ ਵੀ ਜਾਂਣੇ ਜਾਂਦੇ ਹਨ। ਬੱਲਬੀਪੁਰ ਦੇ ਅਖੀਰਲੇ ਬੱਲ ਰਾਜੇ ਸਿਲਾਅਦਿੱਤ ਦੀ ਮੌਤ ਅਰਬਾਂ ਨਾਲ ਲੜਦੇ ਦੀ ਹੋਈ।ਇਸਤੋਂ ਬਾਦ ਬੱਲਬੀਪੁਰ ਤੋਂ ਉਜੜੇ ਬੱਲਾਂ ਨੇ ਅਨਹੱਲਵਾਰਾ ਪੱਤਨ, ਮੰਡੂਗੜ, ਧਾਰਾ ਨਗਰੀ ਅਤੇ ਮੇਵਾੜ ਰਾਜਸਤਾਨ ਉੱਤੇ ਰਾਜ ਕੀਤਾ ਜੋ ਚੌਦਵੀ ਸਦੀ ਤੱਕ ਚੱਲਦਾ ਰਿਹਾ। ਸਿਲਾਅਦਿੱਤ ਅਤੇ ਰਾਣੀ ਪੁਸ਼ਪਾਵਤੀ ਦੇ ਪੁੱਤਰ ਗੋਹਿਲ ਦਾ ਜਨਮ ਇਦਾਰ ਰਾਜਸਤਾਨ ਦੀ ਇਕ ਗੁਫਾ ਵਿੱਚ ਹੋਇਆ। ਗੋਹਿਲ ਨੇ ਬੱਲਾਂ ਦੇ ਗਹਿਲੋਤ ਖਾਨਦਾਨ ਦੀ ਨੀਂਹ ਰੱਖੀ ਜਿਸ ਦੀਆਂ ਅੱਗੇ ਜਾ ਕੇ ਕਈ ਹੋਰ ਸ਼ਾਖਾਂ ਬਣੀਆਂ ਜਿਵੇਂ ਕਿ ਸਿਸੋਦੀਆ, ਭੋਂਸਲੇ, ਚੋਂਦਾਵੱਤ, ਰਾਣਾਵੱਤ, ਸਕਤਾਵੱਤ, ਸਾਰੰਗਵੱਤ, ਸਾਂਗਾਵੱਤ, ਚੰਦਰਵੱਤ, ਖੇਮਵੱਤ, ਸੋਹਾਵੱਤ ਅਤੇ ਅਹਾਰੀਆ। ਹੂਨਸਾਂਗ ਬੱਲਬੀਪੁਰ ਦੇ ਬੱਲ ਰਾਜੇ ਨੂੰ ਬੁੱਧ ਧਰਮ ਨੂੰ ਮੰਨਣ ਵਾਲਾ ਕਸ਼ੱਤਰੀ ਲਿਖਦਾ ਹੈ। ਸਿਲਾਅਦਿੱਤ ਆਪਣੇ ਆਪ ਨੂੰ ਪਰਮਾਰ ਰਾਜਪੂਤ ਲਿਖਦਾ ਹੈ। ਇਸ ਤੋਂ ਇਹ ਸਾਫ ਜਾਹਰ ਹੈ ਕਿ ਹੂਨਸਾਂਗ ਦੀ ਬੱਲਬੀਪੁਰ ਯਾਤਰਾ ਅਤੇ ਅਰਬਾਂ ਦੇ ਹਮਲੇ ਸਮੇਂ ਦੇ ਵਿੱਚ ਵਿੱਚ ਬੱਲਬੀਪੁਰ ਦੇ ਰਾਜੇ ਹਿੰਦੂ ਧਰਮ ਅਪਣਾਂ ਕੇ ਪਰਮਾਰ ਰਾਜਪੂਤ ਬਣ ਬੈਠੇ ਸਨ। ਉਂਝ ਤਾਂ ਗੁਪਤਾ ਰਾਜ ਦੇ ਅਖੀਰਲੇ ਦਿਨਾਂ ਵਿੱਚ ਹੀ ਹਿੰਦੂ ਧਰਮ ਫਿਰ ਜੋਰ ਮਾਰਨ ਲੱਗ ਪਿਆ ਸੀ।

ਰਾਜਪੂਤ ਕੌਣ ਹਨ? ਅਤੇ ਕਿਵੇਂ ਹੋਂਦ ਵਿੱਚ ਆਏ? ਸਾਰੇ ਨਾਮਵਰ ਇੱਤਿਹਾਸਕਾਰ ਇਸ ਵਿਚਾਰ ਨਾਲ ਸਹਿਮੱਤ ਹਨ ਕਿ ਰਾਜਪੂਤ ਨਾਮ ਕੋਈ ਪ੍ਰਾਚੀਨ ਨਾਮ ਨਹੀਂ ਹੈ। ਵੇਦ, ਪੁਰਾਣ, ਰਮਾਇਣ, ਮਹਾਂਭਾਰਤ ਗੱਲ ਕੀ ਕਿ ਕਿਸੇ ਵੀ ਪ੍ਰਾਚੀਨ ਲਿਖਤ ਵਿੱਚ ਰਾਜਪੂਤਾਂ ਦਾ ਕਿਤੇ ਵੀ ਕੋਈ ਜ਼ਿਕਰ ਨਹੀ ਹੈ। ਕਰਨਲ ਟਾਡ, ਮੈਟਕਾਫ, ਕਨੰਘਹੈਮ, ਇੱਬਟਸਨ, ਠਾਕੁਰ ਦੇਸਰਾਜ, ਆਰ ਸੀ ਦੱਤ ਅਤੇ ਮੂਲਚੰਦ ਚੌਹਾਨ ਇਹ ਸੱਭ ਇੱਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਬੁੱਧ ਧਰਮ ਨੂੰ ਦਬਾਉਣ ਅਤੇ ਅਰਬਾਂ ਦੇ ਹਮਲੇ ਤੋਂ ਬ੍ਰਾਹਮਣ ਧਰਮ ਦੀ ਰੱਖਿਆ ਕਰਨ ਲਈ ਅੱਬੂ ਪਰਬਤ ਉੱਤੇ ਇਕ ਯੱਗ ਕੀਤਾ ਗਿਆ। ਇਸ ਯੱਗ ਰਾਹੀ ਜੱਟ ਅਤੇ ਗੁੱਜਰ ਕਬੀਲਿਆਂ ਨੂੰ ਕਸ਼ੱਤਰੀ ਰਾਜਪੂਤ ਦਾ ਖਿਤਾਬ ਦੇਕੇ ਹਿੰਦੂ ਧਰਮ ਵਿੱਚ ਸ਼ਾਮਲ ਕਰ ਲਿਆ ਗਿਆ।
“One view is that they are foreigners, remnants of the Huns who invaded India and established themselves in Rajputana and whom the Brahmins raised to the status of kshatriyas with the object of using them as means to suppress Budhisms in Central India by a special Ceremony before the sacred fire and who were therefore known as Agnikula kshatriyas….” (Dr. Ambedkar)

ਪ੍ਰਭਾਵਸ਼ਾਲੀ ਜੱਟ ਅਤੇ ਗੁਜਰ ਕਬੀਲੇ ਹਿੰਦੂ ਧਰਮ ਅਪਣਾਕੇ ਰਾਜਪੂਤ ਬਣ ਬੈਠੇ। ਕਮਜ਼ੋਰ ਅਤੇ ਘੱਟ ਗਿਣਤੀ ਵਾਲਿਆਂ ਦੀ ਪਹਿਚਾਨ ਜੱਟ ਅਤੇ ਗੁਜਰ ਹੀ ਰਹੀ। ਇਹਨਾਂ ਵਿਚੋਂ ਕਈਆਂ ਨੇ ਗੁਜ਼ਾਰਾ ਕਰਨ ਲਈ ਛੋਟੀਆਂ ਜਾਤਾਂ ਵਾਲੇ ਪੇਸ਼ੇ ਵੀ ਅਪਣਾ ਲਏ। ਹਰਸ਼ਵਰਦਨ ਤੋਂ ਬਾਦ ਸਾਰਾ ਉੱਤਰ ਪੱਛਮੀ ਭਾਰਤ ਰਾਜਪੂਤਾਂ ਦੇ ਅਧੀਨ ਸੀ। ਹਰਸ਼ਵਰਦਨ ਵਿਰਕ ਜੱਟ ਸੀ ਅਤੇ ਉਹਦੀ ਧੀ ਬੱਲਬੀਪੁਰ ਦੇ ਬੱਲ ਰਾਜੇ ਬੱਲਅਦਿਤ ਨਾਲ ਵਿਆਹੀ ਸੀ।

ਵੈਦਿਕ ਕਸ਼ੱਤਰੀ ਦੋ ਤਰਾਂ ਦੇ ਸਨ। ਸੂਰਜਵੰਸ਼ੀ ਅਤੇ ਚੰਦਰਵੰਸ਼ੀ। ਦੋਵੇਂ ਹੀ ਬ੍ਰੂਹਮਾਂ ਤੋਂ ਉੱਪਜੇ। ਬ੍ਰੂਹਮਾਂ ਦਾ ਇਕ ਪੁੱਤਰ ਮਰੀਚ। ਮਰੀਚ ਦੇ ਪੁੱਤਰ ਕਸ਼ਯੱਪ ਅਤੇ ਕਸ਼ਯੱਪ ਦਾ ਪੁੱਤਰ ਅਦਿੱਤ। ਅਦਿੱਤ ਮਤਲਬ ਸੂਰਜ ਇਸ ਲਈ ਉਹਦੀ ਔਲਾਦ ਸੂਰਜਵੰਸ਼ੀ ਅਖਵਾਈ। ਬ੍ਰਹਮਾਂ ਦਾ ਦੂਜਾ ਪੁੱਤਰ ਅਤਰੀ ਸੀ। ਅਤਰੀ ਦਾ ਪੁੱਤਰ ਸਾਗਰ ਅਤੇ ਸਾਗਰ ਦਾ ਪੁੱਤਰ ਸੋਮਾ ਸੀ। ਸੋਮਾ ਮਤਲਬ ਚੰਦ ਇਸ ਲਈ ਉਹਦੀ ਔਲਾਦ ਚੰਦਰ ਵੰਸ਼ੀ ਅਖਵਾਈ। ਮੰਨੂ ਦਾ ਪੁੱਤਰ ਅਕਸਵਾਕੂ ਸੀ ਜਿਸ ਤੋਂ ਅਯੁੱਧਿਆ ਦਾ ਰਘੂਵੰਸ਼ ਚਲਿਆ। ਰਾਮ ਚੰਦਰ

ਅਕਸਵਾਕੂ ਦੀ ਚੌਤਵੀਂ ਪੀੜੀ ਸੀ। ਜਿਵੇਂ ਕਸ਼ਯੱਪ ਦੇ ਨਾਮ ਥੱਲੇ Caspian Sea ਹੈ ਏਸੇ ਤਰਾਂ ਹੀ ਅਕਸਵਾਕੂ ਦੇ ਨਾਮ ਥੱਲੇ Oxus ਦਰਿਆ ਹੈ। Oxus ਅਤੇ Jaxaret ਦੋ ਦਰਿਆ ਜੋ ਅੱਜ ਤਾਂ ਅਰਾਲ ਸਾਗਰ ਵਿੱਚ ਪੈਂਦੇ ਹਨ ਪਰ ਵੈਦਿਕ ਸਮੇ ਇਹ Caspian Sea ਵਿੱਚ ਪੈਂਦੇ ਸਨ। ਇਹ ਦਰਿਆ ਅਫਗਾਨਿਸਤਾਨ ਵਿੱਚ ਹਨ। ਆਰੀਆ ਕਬੀਲੇ ਏਸੇ ਇਲਾਕੇ ਤੋਂ ਭਾਰਤ ਵਿੱਚ ਦਾਖਲ ਹੋਏ। ਅਫਗਾਨਿਸਤਾਨ ਦਾ ਪ੍ਰਾਚੀਨ ਨਾਮ ਆਰੀਆਨਾ ਹੈ।

“Recent investigations have thrown much new light on the origin of the Rajputs. A wide gulf lies between the Vedic Kshatriya and the Rajput of medieval times which it is now impossible to bridge. Some clans, with the help of an accommodating bard, may be able to trace their lineage to the Kshatriyas of Buddhist times, who were recognized as one of the leading elements in Hindu society, and in their own estimation, stood even higher than the Brahmana. But it is now certain that the origin of many clans dates from the Saka or Kushana invasion, which began about the middle of the second century B.C. or more certainly, from that of the White Hunas who destroyed the Gupta Empire about 480 A.D”. (William Brooke)

ਕਰਨਲ ਟਾਡ ਜੱਟਾਂ ਦੀ ਪਿਛੋਕੜ ਆਰੀਅਨ ਅਤੇ ਸਿਥੀਅਨ ਲੋਕਾਂ ਨਾਲ ਜੋੜਦਾ ਹੈ। ਡਾਕਟਰ ਵੀ. ਏ ਸਮਿਥ ਰਾਜਪੂਤਾਂ ਨੂੰ ਸਿਥੀਅਨ, ਹੂਣ, ਕੁਸ਼ਨ ਦਾ ਮਿਲਗੋਬਾ ਲਿੱਖਦਾ ਹੈ। ਸਿੱਕੇ, ਸ਼ਿਲਾ ਲਿਖਤਾਂ, ਖੋਦਾਈ, ਚੀਨੀ, ਫਾਰਸੀ ਅਤੇ ਯੁਨਾਨੀ ਸੂਤਰਾਂ, Cunningham, Tod, Rapson, Ibbetson, Elliot, Dahiya Metcalfe. etc. ਦੀਆਂ ਕ੍ਰਿਤਾਂ ਦੇ ਅਧਾਰ ਉੱਤੇ ਇਹ ਕਿਹਾ ਜਾ ਸਕਦਾ ਹੈ ਕਿ ਰਾਜਪੂਤ ਦੀ ਪਿਛੋਕੜ ਮੱਧ ਏਸ਼ੀਆ ਦੇ ਜੱਟ ਸਿਥੀਅਨਜ਼ ਨਾਲ ਮਿਲਦੀ ਹੈ।

"It is a singular fact that there is no available date beyond the 4th century for any of the great Rajput families, all of whom are brought from the North. This was the period of one of the grand irruptions of the Getic races from Central Asia, who established kingdoms in the Punjab and on the Indus” [ Tod. ]

ਜੱਟ ਅਤੇ ਗੁਜਰ ਰਾਜਪੂਤ ਹਿੰਦੂ ਤਾਂ ਬਣ ਗਏ ਪਰ ਉਹਨਾਂ ਦੀ ਰਹਿਣੀ ਬਹਿਣੀ ਅਤੇ ਖਾਣ ਪੀਣ ਦੀਆਂ ਆਦਤਾਂ ਪੁਰਾਣੇ ਸਿਥੀਅਨ ਜੱਟਾਂ ਵਰਗੀਆਂ ਹੀ ਰਹੀਆਂ। ਮੈਟਕਾਫ ਲਿਖਦਾ ਹੈ ਕਿ ਰਾਜਪੂਤਾਂ ਦੀ ਰਹਿਣੀ ਬਹਿਣੀ ਖਾਣਾਂ ਪੀਣਾਂ ਅਤੇ ਧਾਰਮਮਿਕ ਪ੍ਰੰਮਪਰਾਵਾਂ ਭਾਰਤੀ ਬਰਾਹਮਣ ਨਾਲ ਨਹੀ ਬਲਿਕਿ ਸਿਥੀਅਨਜ਼ ਨਾਲ ਮਿਲਦੀਆਂ ਹਨ।

"The religion of the martial Rajpoot, and the rites of Hara, the ground of the battle, are little analaogous to those of the meek Hindus, the followers of the pastoral divinity, the worshippers of kine, and feeders on fruits, herbs and water. The Rajpoot delights in blood as his offerings to the god of battle are sanguinary, blood and wine. The cup (khapar) of libation is the human skull. He loves them because they are emblematic of the deity he worships and his taught to believe that Hara loves them, who in war is represented with the skul to drink the foeman's blood, and in peace is the patron of wine and women. ……Is this Hinduism, acquired on the burning plains of India ? Is it not rather a prefect picture of the manners of the Scandinavian heroes ?" - [ Metcalfe.]

ਸਿਥੀਅਨ ਰਿਵਾਜ਼ ਦੀਆਂ ਕਬਰਾਂ ਦੇ ਟਿੱਲੇ ਅਤੇ ਬਲੀ ਦੇ ਚਬੂਤਰੇ ਅੱਜ ਵੀ ਰਾਜਸਥਾਨ ਵਿੱਚ ਥਾਂ ਥਾਂ ਵੇਖੇ ਜਾਂ ਸਕਦੇ ਹਨ। ਸਿਥੀਅਨਜ਼ ਸੂਰਜ ਉਪਾਸ਼ਕ ਸਨ। ਰਾਜਪੂਤ ਵੀ ਸੂਰਜ ਉਪਾਸ਼ਕ ਸਨ। ਉਦੇ ਪੁਰ ਪੈਲਸ ਨੂੰ

ਸੁਰਯਾ ਮਹੱਲ ਕਿਹਾ ਜਾਂਦਾ ਹੈ। ਬੱਲਬੀਪੁਰ ਅਤੇ ਮੇਵਾੜ ਦੇ ਯੁੱਧ ਪ੍ਰਚੰਮ ਉੱਤੇ ਸੂਰਜ ਦਾ ਹੀ ਨਿਸ਼ਾਨ ਹੁੰਦਾ ਸੀ। ਸੂਰਜ ਪੂਜਾ ਕਰਨ ਵਾਲੇ ਲੋਕਾਂ ਦੀ ਉੱਤਪਤੀ ਜਰੂਰ ਠੰਡੇ ਬਰਫੀਲੇ ਇਲਾਕਿਆਂ ਵਿੱਚ ਹੋਈ ਹੋਵੇਗੀ। ਮਾਰੂਥਲਾਂ ਦੀਆਂ ਧੁੱਪਾਂ ਵਿੱਚ ਸੜਦੇ ਭੁੱਜਦੇ ਲੋਕ ਸੂਰਜ ਉਪਾਸ਼ਕ ਨਹੀ ਹੋ ਸਕਦੇ। ਰਾਜਪੂਤਾਂ ਲਈ ਐਤਵਾਰ ਪਵਿਤਰ ਦਿਨ ਹੈ। ਐਤਵਾਰ ਮਤਲਬ ਅਦਿਤ ਵਾਰ ਮਤਲਬ ਸੂਰਜ ਦਾ ਦਿਨ।

"… Surya has still its devotees on the summit of Cheetore, as at Ballabhi; and could we trace with accuracy their creeds to a distant age, we might discover them to be of one family, worshipping the sun at the fountain of the Oxus and Jaxartes." -- (Metcalfe)

"Indeed, the ancestors of the Rajput royal families proudly claim to be descendants of the Sun : "The children of Bapa [one of the Gehlote ancestors], were named `Agni-upasi Surya-vamsi' or sun-born fire-worshippers." (Metcalfe)

"The Jhalore fortress of South Marwar has four gates, that from the town is called `Sooruj-pol' and to the North-West is the Ba'l-pol (`the gate of Bal, the Sun-God)". (Col. Tod.)

"There was a fountain (Suryacoonda) 'sacred to the Sun' at Ballabhipura, from which arose, at the summons of Siladitya (according to legend) the 7-headed horse Saptaswa, which draws the car of Surya, to bear him to battle." [ Metcalfe. ]

ਰਾਜਪੂਤ, ਪ੍ਰਾਚੀਨ ਜੱਟਾਂ ਵਾਂਗ ਸ਼ਸਤਰ ਪੂਜਾ ਕਰਦੇ ਸਨ। ਇਸ ਪੂਜਾ ਨੂੰ ਖੜਗ ਸਥਾਪਨਾ ਕਿਹਾ ਜਾਂਦਾ ਸੀ। ਸੂਰਜ ਦੇ ਨਾਲ ਹੀ ਸ਼ਸਤਰ ਪੂਜਾ ਵੀ ਜੱਟ (Getae) ਸਿਥੀਅਨ ਰਿਵਾਜ਼ ਹੈ। Transoxiana, Dacia, Thrace, Pannonia, ਸੱਭ Getae ਜੱਟਾਂ ਦੇ ਪ੍ਰਾਚੀਨ ਇਲਾਕੇ ਸਨ ਅਤੇ ਸ਼ਸਤਰ ਪੂਜਾ ਕਰਦੇ ਸਨ। ਸੱਭ Germanic ਕਬੀਲੇ ਜਿਹਨਾਂ ਵਿੱਚ Goth ਵੀ ਆ ਜਾਂਦੇ ਹਨ ਜੱਟ ਹੀ ਸਨ ਅਤੇ ਸ਼ਸਤਰ ਪੂਜਾ ਕਰਦੇ ਸਨ। ਅੱਜ ਦਾ ਜੱਟ ਸਿੱਖ ਸ਼ਰਧਾ ਨਾਲ ਕ੍ਰਿਪਾਨ ਨੂੰ ਸਿਰੀ ਸਾਹਿਬ ਕਹਿੰਦਾ ਹੈ। ਸਿੱਖ ਅਰਦਾਸ "ਪ੍ਰਿਥਮੈ ਭਗੌਤੀ ਸਿਮਰ ਕੇ" ਨਾਲ ਸੁਰੂ ਹੁੰਦੀ ਹੈ। ਭਾਈ ਕਾਹਨ ਸਿੰਘ ਜੀ ਦੇ 'ਮਹਾਨ ਕੋਸ਼' ਵਿੱਚ ਭਗੌਤੀ ਦਾ ਅਰਥ ਕ੍ਰਿਪਾਨ ਹੈ। ਦਸਮ ਗਰੰਥ ਵਿੱਚ ਸ਼ਸਤਰ ਮਹਾਨਤਾ ਲਿਖੀ ਹੈ, ਜੋ "ਸਿਰੀ ਭਗਉਤੀ ਜੀ ਸਹਾਇ" ਨਾਲ ਸ਼ੁਰੂ ਹੁੰਦੀ ਹੈ।

"ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਔਰ ਤੀਰ।। ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ"।।੩।।

"The Scyths used to fight on horseback. The worship of the sword prevailed among the Scythic Getae as described by Herodotus. Likewise, the Rajput also pays his devotion to his sword….."[Metcalfe.]

" The worship of the sword in the Acropolis of Athens by the Getic Atila, with all the accompaniments of pomp and place, forms an admirable episode in the history of the decline and fall of Rome; and had Gibbon witnessed the worship of the double-edged sword (khanda) by the prince of Mewar….." [ Metcalfe]

ਅਗਨੀ ਕੁਲ ਰਾਜਪੂਤ, ਅਗਨੀ ਕੁਲ ਜਾਂ ਅੱਗ ਵਿਚੋਂ ਜੰਮੇ ਰਾਜਪੂਤਾਂ ਦੀ ਸਿਰਜਣਾ ਕਿਵੇ ਹੋਈ ਇਹ ਗੱਲ ਚਾਂਦ ਬਰਦਾਈ ਨੇ ਪ੍ਰਿਥਵੀ ਰਾਜ ਰਾਸੋ ਵਿਚ ਵਿਸਥਾਰ ਨਾਲ ਲਿਖੀ ਹੈ। ਬ੍ਰਾਹਮਣ ਧਰਮ ਦੀ ਰਖਿਆ ਲਈ ਸ਼ੰਕਰ ਅਚਾਰੀਆ ਦੀ ਅਗਵਾਈ ਹੇਠ ਅਬੂ ਪਰਬਤ ਉੱਤੇ ਇਕ ਮਹਾਨ ਯੱਗ ਰਚਿਆ ਗਿਆ। ਚਾਲੀ ਦਿਨ ਦੇ ਹਵਨ

ਤੋਂ ਬਾਦ ਚਾਰ ਸੂਰਬੀਰ ਯੋਧੇ ਇਸ ਅਗਨ ਕੁੰਡ ਵਿੱਚੋਂ ਪ੍ਰਗਟ ਹੋਏ। ਇਹਨਾਂ ਚੌਹਾਂ ਤੋਂ ਰਾਜਪੂਤਾਂ ਦੀਆਂ ਚਾਰ ਸ਼੍ਰੇਣੀਆਂ ਚੌਹਾਨ, ਚੌਲਕੀਆ, ਪ੍ਰੀਹਾਰ ਅਤੇ ਪਰਮਾਰ ਬਣੀਆਂ। ਇਹਨਾਂ ਅੱਗ ਦੇ ਜਾਇਆਂ ਨੂੰ ਅਗਨੀ ਕੁਲ ਰਾਜਪੂਤ ਕਿਹਾ ਗਿਆ। ਇਸ ਯੱਗ ਦੇ ਅਡੰਬਰ ਨਾਲ ਜੱਟਾਂ ਅਤੇ ਗੁਜਰਾਂ ਨੂੰ ਹਿੰਦੂ ਧਰਮ ਵਿੱਚ ਸ਼ਾਮਲ ਕਰ ਲਿਆ ਗਿਆ।

“When the Buddhist religion was spreading all over India, and the Brahminical religion was declining, all the Brahmans under the leadership of Shankaracharya, united, and for the state of the noveau Hinduism, held a great Yagna (sacrifice-ceremony) at Mount Abu in Rajasthan, and for the defense of the religion a new group was formed. This group was called " Rajputar" and " Rajput, took the place of the Kshatriya of old. In time the word Rajputar evolved into Rajput”(History of the Jats - Thakur Desraj)

ਅਬੂ ਪਰਬਤ ਦੇ ਯੱਗ ਦੀ ਕਹਾਣੀ ਕੁਝ ਇਸਤਰਾਂ ਹੈ। ਪਹਿਲਾਂ ਬ੍ਰਹਮਾਂ ਨੇ ਆਪਣੀ ਹੱਥ ਦੀ ਚੂਲੀ ਉੱਤੇ ਇਕ ਇਨਸਾਨੀ ਪੁਤਲਾ ਬਣਾਕੇ ਹਵਨ ਕੁੰਡ ਵਿੱਚ ਸੁਟਿਆ। ਉਹ ਅੱਗ ਵਿੱਚੋਂ ਜੀਉਂਦਾ ਜਾਗਦਾ ਇਨਸਾਨ ਬਣਕੇ ਨਿਕਲਿਆ। ਉਹਦੇ ਇਕ ਹੱਥ ਵਿੱਚ ਵੇਦ ਅਤੇ ਦੂਜੇ ਵਿਚ ਖੰਡਾ ਸੀ। ਚੂਲੀ ਤੋਂ ਬਣਿਆਂ ਹੋਣ ਕਰਕੇ ਇਹਨੂੰ ਚੌਲਕੀਆ ਕਿਹਾ ਗਿਆ। ਇੰਦਰ ਦੇਵਤਾ ਦੀ ਮਿਹਰ ਨਾਲ ਏਸੇ ਅਗਨ ਕੁੰਡ ਵਿੱਚੋਂ ਇਕ ਹੋਰ ਇਨਸਾਨ ਮਾਰ ਮਾਰ ਕਰਦਾ ਨਿਕਲਿਆ ਇਸ ਨੂੰ ਪਰਮਾਰ ਕਿਹਾ ਗਿਆ। ਫਿਰ ਸ਼ਿਵ ਜੀ ਦੀ ਕ੍ਰਿਪਾ ਨਾਲ ਪ੍ਰੀਹਾਰ ਅਤੇ ਵਿਸ਼ਨੂੰ ਦੀ ਮਿਹਰ ਨਾਲ ਚੌਹਾਨ ਅਗਨੀ ਕੁੰਡ ਵਿੱਚੋਂ ਨਿਕਲੇ।

ਇਹ ਸਾਰਾ ਅਡੰਬਰ (ਯੱਗ) ਜੱਟਾਂ ਅਤੇ ਗੁਜਰਾਂ ਨੂੰ ਬ੍ਰਾਹਮਣ ਧਰਮ ਵਿੱਚ ਰਲਾਉਣ ਲਈ ਕੀਤਾ ਗਿਆ ਸੀ। ਇਸ ਰਾਹੀਂ ਉਹਨਾਂ ਨੂੰ ਅਗਨੀ ਨਾਲ ਸ਼ੁੱਧ ਕਰਕੇ ਜਾਤ ਪਾਤ ਵਾਲੇ ਧਰਮ ਦੇ ਸਮਰਥਕ ਅਤੇ ਰਖਵਾਲੇ ਬਣਾ ਲਿਆ ਗਿਆ। ਭਾਵੇਂ ਰਾਜਪੂਤ ਰਾਜਕਾਲ ਵਿੱਚ ਉਸਾਰੀ, ਨਾਚ ਕਲਾ ਅਤੇ ਚਿੱਤਰ ਕਲਾ ਨੇ ਬਹੁੱਤ ਤਰੱਕੀ ਕੀਤੀ ਪਰ ਬ੍ਰਾਹਮਣ Caste System ਹੇਠ ਇਨਸਾਨੀ ਬਰਾਬਰੀ ਅਤੇ ਮਾਨਵ ਹੱਕਾਂ ਨੂੰ ਬਹੁੱਤ ਧੱਕਾ ਲੱਗਾ। ਸ਼ੁਕਰ ਹੈ ਸਿੱਖ ਧਰਮ ਅਤੇ ਇਸਲਾਮ ਦਾ ਜਿਸਨੇ ਰਾਜਪੂਤ ਜੱਟਾਂ ਨੂੰ ਜਾਤ ਪਾਤ ਊਚ ਨੀਚ ਦੇ ਘਿਨੋਨੇ ਜ਼ਿਲਣ ਵਿਚੋਂ ਕੱਢਣ ਦੀ ਕੋਸ਼ਿਸ ਕੀਤੀ।

ਬੱਲ ਅਤੇ ਕਈ ਹੋਰ ਜੱਟ ਕਬੀਲੇ ਜਿਵੇਂ ਕਿ ਸੇਖੋਂ, ਦਿਓਲ, ਔਲਖ, ਬੁਟਰ, ਸੋਹਲ, ਅਤੇ ਕਾਹਲੋਂ ਵੀ ਰਾਜਪੂਤਾਂ ਦੀ ਪਰਮਾਰ ਸ਼ਾਖਾ ਨਾਲ ਸਬੰਧਤ ਹਨ। ਪਰਮਾਰ ਨੂੰ ਪੰਨਵਾਰ ਅਤੇ ਪਾਵਾਰ ਵੀ ਲਿਖਿਆ ਜਾਂਦਾ ਹੈ।ਇਕ ਸਮੇ ਸਤਲੁਜ ਤੋਂ ਸਮੁੰਦਰ ਤੱਕ ਪਰਮਾਰਾਂ ਦਾ ਰਾਜ ਸੀ। ਸੋਢਾ ਜਿਹਨਾਂ ਨੂੰ ਪੰਜਾਬ ਵਿੱਚ ਸੋਢੀ ਕਿਹਾ ਜਾਂਦਾ ਹੈ ਪਰਮਾਰ ਰਾਜਪੂਤਾਂ ਦੀ ਹੀ ਇਕ ਸ਼ਾਖਾ ਹਨ। ਇੱਕ ਜਮਾਨੇ ਵਿੱਚ ਰਾਜਸਥਾਨ ਦੇ ਸਾਰੇ ਮਾਰੂਥਲ ਉੱਤੇ ਇਹਨਾਂ ਦਾ ਕਬਜ਼ਾ ਸੀ।ਬਹੁਤੇ ਇੱਤਿਹਾਸਕਾਰ ਸੋਢੀਆਂ ਅਤੇ ਖੱਤਰੀਆਂ ਨੂੰ ਜੱਟ ਹੀ ਮੰਨਦੇ ਹਨ।

" The historians would find the Soda, the Catti, the Mallani, affording in history, position of nominal resemblance, grounds for inferring that they are the descendants of the Sogdi, Cat'hi and Malli, who opposed the Macedonian in his passage down the Indus." [ Tod.]

ਗਹਿਲੋਤ ਵੀ ਪਰਮਾਰ ਰਾਜਪੂਤਾਂ ਦੀ ਇੱਕ ਸ਼ਾਖਾ ਹੈ। ਜਿਵੇਂ ਇਹ ਦੱਸਿਆ ਜਾ ਚੁੱਕਾ ਹੈ ਕਿ ਬੱਲਬੀਪੁਰ ਦਾ ਬੱਲ ਰਾਜਾ ਸਿਲਾਅਦਿੱਤ ਛੇਂਵਾਂ ਪਰਮਾਰ ਰਾਜਪੂਤ ਸੀ। ਉਹ ਬੱਲਬੀਪੁਰ ਦੀ ਰਾਖੀ ਲਈ ਅਰਬਾਂ ਨਾਲ ਲੜਦਾ ਸ਼ਹੀਦ ਹੋਇਆ। ਉੱਸਦੀ ਗਰਭਵਤੀ ਰਾਣੀ ਪੁਸ਼ਪਾਵਤੀ ਉਸ ਵੇਲੇ ਰਾਜਸਥਾਨ ਵਿੱਚ ਤੀਰਥ ਯਾਤਰਾ ਲਈ ਗਈ ਹੋਈ ਸੀ। ਇਸ ਲਈ ਉਸਦੀ ਅਤੇ ਉਸਦੇ ਹੋਣ ਵਾਲੇ ਬੱਚੇ ਦੀ ਜਾਂਨ ਬਚ ਗਈ। ਇਦਾਰ ਦੇ ਇਲਾਕੇ

ਦੀ ਇਕ ਜੰਗਲੀ ਗੁਫਾ ਵਿੱਚ ਉਹਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਜਿਸਦਾ ਨਾਮ ਗੋਹਿਲ ਰਖਿਆ ਗਿਆ। ਆਪਣੇ ਨਵ ਜੰਮੇ ਪੁਤਰ ਨੂੰ ਇਕ ਬ੍ਰਾਹਮਣ ਦਾਈ ਅਤੇ ਆਪਣੇ ਇਕ ਅੰਗ ਰੱਕਸ਼ਕ ਦੇ ਹਵਾਲੇ ਕਰਕੇ ਰਾਣੀ ਪੁਸ਼ਪਾਵਤੀ ਸਤੀ ਹੋ ਗਈ। ਸਤੀ ਦੀ ਰਸਮ ਨੂੰ ਰਾਜਪੂਤ ਜੌਹਰ ਕਹਿੰਦੇ ਸਨ।

ਇਦਾਰ ਉੱਤੇ ਉਸ ਸਮੇ ਭੀਲ ਰਾਜੇ ਮੰਡਾਲਕ ਦਾ ਰਾਜ ਸੀ। ਕਹਿਦੇ ਹਨ ਕਿ ਮੰਡਾਲਕ ਨੇ ਗੋਹਿਲ ਨੂੰ ਮੁਤਬੰਨਾਂ ਪੁੱਤਰ ਬਣਾ ਲਿਆ ਸੀ। ਮੰਡਾਲਕ ਦੇ ਮਰਨ ਤੋਂ ਬਾਦ ਗੋਹਿਲ ਇਦਾਰ ਦਾ ਰਾਜਾ ਬਣਿਆ ਅਤੇ ਗਹਿਲੋਤ ਖਾਨਦਾਨ ਦੀ ਨੀਂਹ ਰੱਖੀ। ਗੋਹਿਲ ਤੋਂ ਬਾਦ ਮਹਾਂਰਾਣਾ ਪ੍ਰਤਾਪ ਸਿੰਘ ਤੱਕ ਜਿਨੇਂ ਵੀ ਰਾਜੇ ਇਸ ਖਾਨਦਾਨ ਦੇ ਹੋਏ ਸੱਭ ਨੂੰ ਰਾਜ ਤਿਲਕ ਬ੍ਰਾਹਮਣ ਨਹੀ ਬਲਿਕੇ ਭੀਲ ਹੀ ਲਗਾਉਂਦੇ ਸਨ। 734 C.E ਵਿੱਚ ਗੋਹਿਲ ਤੋਂ ਅੱਠਵੀਂ ਪੀੜੀ ਭਾਪਾ ਰਾਵਲ ਨੇ ਜਿਸਦਾ ਅਸਲੀ ਨਾਮ ਕਲਭੋਜ ਸੀ ਮੇਵਾੜ ਉੱਤੇ ਕਬਜ਼ਾ ਕਰਕੇ ਮੇਵਾੜ Dynasty ਦੀ ਸਿਰਜਣਾਂ ਕੀਤੀ। ਇਸਤਰਾਂ ਬੱਲਬੀਪੁਰ ਵਾਲੇ ਬੱਲਾਂ ਨੇ ਰਾਜਸਥਾਨ ਵਿੱਚ ਆਪਣਾਂ ਰਾਜ ਸਥਾਪਤ ਕੀਤਾ। ਕਰਨਲ ਟਾਡ ਵੀ Annals And Antiquities Of Rajasthan ਵਿੱਚ ਇਸ ਗੱਲ ਨਾਲ ਸਹਿਮਤ ਹੈ ਕਿ ਬਲਬੀਪੁਰ ਵਾਲੇ ਬੱਲਾਂ ਦੀ ਔਲਾਦ ਹੀ ਗਹਿਲੋਤ ਅਤੇ ਮੇਵਾੜ ਦੇ ਮੋਢੀ ਸਨ।

"The tract about Balbhipur and northward is termed Bal, probably from the tribe of Bala, which might have been the designation of the Rana’s tribe prior to that of Grahilot; and most probably Multan and all the regions of the Kathi, Bala, etc were dependant on Lohkot, whence emigrated Kanaksen;" (Annals and Antiquity of Rajasthan, part I. Chapter Annals of Mewar, page 254)

1.ਗੋਹਿਲ 2.ਭੋਜ 3.ਮਹਿੰਦਰ 4.ਨਾਗਅਦਿਤ 5.ਸਿਲਅਦਿਤ 6.ਅਪਾਰਜੀਤ 7.ਮਹਿੰਦਰ II 8.ਕਲਭੋਜ। ਇਹ ਪਹਿਲੇ ਅੱਠ ਗਹਿਲੋਤ ਰਾਜੇ ਹੋਏ। ਕਲਭੋਜ ਦਾ ਪਿਤਾ ਮਹਿੰਦਰ II ਐਯਾਸ਼ ਕਿਸਮ ਦਾ ਆਦਮੀ ਸੀ। ਕਲਭੋਜ ਅਜੇ ਤਿੰਨ ਸਾਲ ਦਾ ਸੀ ਜਦੋਂ ਉਹਦੇ ਪਿਤਾ ਦੀ ਹੱਤਿਆ ਕਰ ਦਿੱਤੀ ਗਈ। ਕਲਭੋਜ ਦਾ ਬੱਚਪਨ ਵੀ ਗੋਹਿਲ ਵਾਂਗ ਭੀਲ ਕਬੀਲੇ ਵਿੱਚ ਲੁੱਕ ਲੁੱਕਕੇ ਨਿਕਲਿਆ ਕਿਉਂਕੇ ਉਹਦੇ ਪਿਤਾ ਦੇ ਹੱਤਿਆਰੇ ਉਹਦੀ ਜਾਂਨ ਦੇ ਵੀ ਦੁਸ਼ਮਣ ਸਨ। ਕਲਭੋਜ 21 ਸਾਲ ਦਾ ਸੀ ਜਦੋਂ ਆਪਣੇ ਕੁਝ ਭੀਲ ਦੋਸਤਾਂ ਨਾਲ ਚਿੱਤੌੜ ਗਿਆ। ਚਿਤੌੜ ਦਾ ਪੁਰਾਣਾ ਨਾਮ ਜੱਟੌਰ ਹੈ। ਚਿੱਤੌੜ ਦਾ ਪਰਮਾਰ ਰਾਜਾ ਮਾਨ ਮੌਰੀ ਕਲਭੋਜ ਦਾ ਮਾਮਾ ਸੀ। ਮਾਨ ਮੌਰੀ ਨੇ ਆਪਣੇ ਭਾਣਜੇ ਨੂੰ ਦਰਬਾਰ ਵਿੱਚ ਉੱਚਾ ਰੁਤਬਾ ਦਿੱਤਾ। ਮਾਨ ਮੌਰੀ ਦੇ ਅਧੀਨ ਬਾਕੀ ਪਰਮਾਰ ਸਰਦਾਰਾਂ ਨੂੰ ਇਹ ਗੱਲ ਪਸੰਦ ਨਹੀ ਆਈ। ਜਦੋਂ ਅਰਬਾਂ ਨੇ ਚਿੱਤੌੜ ਉੱਤੇ ਹਮਲਾ ਕੀਤਾ ਤਾਂ ਇਹਨਾਂ ਸਰਦਾਰਾਂ ਨੇ ਮੱਦਦ ਕਰਨ ਤੋਂ ਇਨਕਾਰ ਕਰ ਦਿੱਤਾ। ਮਾਨ ਮੌਰੀ ਨੇ ਕਲਭੋਜ ਨੂੰ ਮੁੱਖ ਸੈਨਾਪਤੀ ਬਣਾਕੇ ਇਸ ਜੰਗ ਦੀ ਸਾਰੀ ਜੁਮੇਵਾਰੀ ਉੱਸ ਉੱਤੇ ਛੱਡ ਦਿੱਤੀ। ਇੱਸ ਜੰਗ ਵਿੱਚ ਕਲਭੋਜ ਦੀ ਜਿੱਤ ਹੋਈ।

ਮਾਨ ਮੌਰੀ ਦੀ ਮੌਤ ਤੋਂ ਬਾਦ ਕਲਭੋਜ ਰਾਜਾ ਬਣਿਆ ਅਤੇ ਮੇਵਾੜ ਖਾਨਦਾਨ ਦੀ ਨੀਂਹ ਰੱਖੀ। ਮਾਨ ਮੌਰੀ ਦੀ ਮੌਤ ਬਾਬਤ ਇੱਤਿਹਾਸਕਾਰਾਂ ਦੇ ਵੱਖਰੇ ਵੱਖਰੇ ਖਿਆਲ ਹਨ। ਕੁਝ ਤਾਂ ਇਹ ਕਹਿੰਦੇ ਹਨ ਕਿ ਅਰਬਾਂ ਨੂੰ ਜਿੱਤਣ ਤੋਂ ਬਾਦ ਕਲਭੋਜ ਨੇ ਆਪਣੇ ਮਾਮੇ ਮਾਨ ਮੌਰੀ ਨੂੰ ਮਰਵਾਕੇ ਆਪ ਰਾਜਾ ਬਣ ਬੈਠਾ ਅਤੇ ਦੂਜਿਆਂ ਦਾ ਇਹ ਖਿਆਲ ਹੈ ਕਿ ਮਾਨ ਮੌਰੀ ਨੂੰ ਕਿਸੇ ਹੋਰ ਨੇ ਮਾਰਿਆ ਜਿਸ ਵਿੱਚ ਕਲਭੋਜ ਦਾ ਕੋਈ ਹੱਥ ਨਹੀ ਸੀ। ਕਲਭੋਜ ਰਹਿਮ ਦਿੱਲ ਅਤੇ ਪਰਜਾ ਦਾ ਹਰਮਨ ਪਿਆਰਾ ਰਾਜਾ ਸੀ। ਲੋਕ ਉਹਨੂੰ ਪਰਜਾ ਦਾ ਪਿਤਾ ਮੰਨਦੇ ਸਨ ਅਤੇ ਏਸੇ ਕਰਕੇ ਉਹਦਾ ਨਾਮ ਭਾਪਾ ਰਾਵਲ ਪੈ ਗਿਆ। ਭਾਪਾ ਰਾਵਲ ਦੇ ਪੁੱਤਰ ਦਾ ਨਾਮ ਖੁਮਾਨ ਸੀ। ਖੁਮਾਨ ਰਾਸੋ ਇਸ ਰਾਜੇ ਦੀ ਸ਼ਾਨ ਵਿੱਚ ਲਿਖਿਆ ਗਿਆ ਹੈ।

ਸਿਸੋਦੀਆ ਅਤੇ ਅਹਾਰੀਆ ਵੀ ਬੱਲ ਵੰਸ਼ ਦੀਆਂ ਹੀ ਸ਼ਾਖਾ ਹਨ। ਬਾਰਵੀਂ ਸਦੀ ਦੇ ਦਰਮਿਆਨ ਮੁਸਲਮਾਨ ਹਮਲਿਆਂ ਤੋਂ ਤੰਗ ਆਕੇ ਰਾਵਲ ਕਰਨ ਸਿੰਘ (ਗਹਿਲੋਤ) ਨੇ ਮੇਵਾੜ ਦੀ ਰਾਜਧਾਨੀ ਚਿੱਤੌੜ ਤੋਂ ਅਹਾਰ ਬਦਲ ਦਿੱਤੀ। ਰਾਵਲ ਕਰਨ ਸਿੰਘ ਨੇ ਆਪਣੇ ਪੁੱਤਰ ਖੇਮ ਸਿੰਘ ਨੂੰ ਆਪਣਾ ਉੱਤਰ ਅਧਿਕਾਰੀ ਚੁਣਿਆਂ। ਇਸ ਗੱਲ ਤੋਂ ਨਰਾਜ ਹੋਕੇ ਕਰਨ ਸਿੰਘ ਦੇ ਦੂਜੇ ਦੋ ਪੁੱਤਰ ਮਹੱਪ ਅਤੇ ਰਹੱਪ ਅਹਾਰ ਛੱਡਕੇ ਚਲੇ ਗਏ। ਰਹੱਪ ਨੇ ਆਪਣਾ ਇਕ ਛੋਟਾ ਜਿਹਾ ਰਾਜ ਕਾਇਮ ਕਰਕੇ ਸਿਸੋਦਾ ਨਾਮ ਦੇ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾਇਆ। ਰਹੱਪ ਦੇ ਵਾਰਸ ਸਿਸੋਦਾ ਵਿਚ ਰਹਿੰਦੇ ਹੋਣ ਕਰਕੇ ਸਿਸੋਦੀਆ ਅਖਵਾਏ। ਖੇਮ ਸਿੰਘ ਦੇ ਵਾਰਸ ਅਹਾਰ ਵਿੱਚ ਰਹਿੰਦੇ ਹੋਣ ਕਰਕੇ ਅਹਾਰੀਆ ਅਖਵਾਏ। ਸੰਨ 1326 C.E ਵਿੱਚ ਰਾਵਲ ਹਮੀਰ ਸਿੰਘ ਦੇ ਵੇਲੇ ਸਿਸੋਦੀਆ ਫਿਰ ਚਿੱਤੌੜ (ਮੇਵਾੜ) ਮੁੜ ਆਏ। ਹਮੀਰ ਸਿੰਘ ਨੇ ਆਪਣਾ ਖਿਤਾਬ ਰਾਵਲ ਤੋਂ ਬਦਲ ਕੇ ਰਾਣਾ ਰੱਖ ਲਿਆ ਜੋ ਬਾਦ ਵਿੱਚ ਮਹਾਂਰਾਣਾ ਵਿੱਚ ਬਦਲ ਗਿਆ।

ਨਿਚੋੜ ਇਹ ਨਿਕਲਿਆ ਕਿ ਬੱਲਬੀਪੁਰ ਦਾ ਅਖੀਰਲਾ ਬੱਲ ਰਾਜਾ ਸਿਲਅਦਿਤ ਛੇਵਾਂ ਸੀ। ਉਹਦੇ ਪੁੱਤਰ ਗੋਹਿਲ ਨੇ ਗੋਹਿਲੋਤ dynasty ਦੀ ਨੀਂਹ ਰੱਖੀ। ਗੋਹਿਲ ਦੇ ਅੱਠਵੇਂ ਵਾਰਸ ਕਲਭੋਜ ਨੇ ਚਿੱਤੌੜ ਉੱਤੇ ਕਬਜ਼ਾ ਕਰਕੇ ਮੇਵਾੜ dynasty ਦੀ ਨੀਂਹ ਰੱਖੀ। ਮੇਵਾੜ ਤੋਂ ਗਹਿਲੋਤ, ਅਹਾਰੀਆ ਅਤੇ ਸਿਸੋਦੀਆ ਸ਼ਾਖਾਂ ਵਿੱਚ ਵੰਡੇ ਗਏ। ਰਾਣਾ ਸੰਗਰਾਮ ਸਿੰਘ ਜਿਸਦੀ ਜੰਗ ਬਾਬਰ ਨਾਲ ਹੋਈ ਸੀ ਅਤੇ ਸਾਰੇ ਹਿੰਦੁਸਤਾਨ ਦਾ ਹੀਰੋ ਮਹਾਂਰਾਣਾ ਪ੍ਰਤਾਪ ਸਿੰਘ ਸਿਸੋਦੀਆ ਸਨ। ਉਪਰੋਕਤ ਜਾਣਕਾਰੀ ਦੇ ਅਧਾਰ ਉੱਤੇ ਇਹ ਬਿਨਾ ਝਿੱਝਕ ਕਿਹਾ ਜਾ ਸਕਦਾ ਹੈ ਕਿ ਗਹਿਲੋਤ, ਅਹਾਰੀਆ ਅਤੇ ਸਿਸੋਦੀਆ ਰਾਵਲ, ਰਾਣੇ ਅਤੇ ਮਹਾਂਰਾਣੇ ਬੱਲ ਵੰਸ਼ੀ ਰਾਜਪੂਤ ਰਾਜੇ ਸਨ।

## ਬੱਲ/ ਮਰਹੱਟਾ/ ਅਤੇ ਜੱਟ ਮਹਾਂ ਪੰਚਾਇਤ (ਸਰਵ ਖੱਪ)

ਸੰਨ 606 C.E ਵਿੱਚ ਕਨੌਜ ਦੇ ਮਹਾਂਰਾਜਾ ਹਰਸ਼ਵਰਦਨ ਨੇ ਜੱਟਾਂ ਦਾ ਪੰਚਾਇਤੀ ਰਾਜ ਸ਼ੁਰੂ ਕੀਤਾ। ਅੱਜ ਬਹੁੱਤੇ ਇੱਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਹਰਸ਼ਵਰਦਨ ਵਿਰਕ ਜੱਟ ਸੀ। ਕੁਝ ਇੱਤਿਹਾਸਕਾਰ ਜਿਵੇਂ ਕਾਰਲਾਇਲ ਅਤੇ ਕਨੰਗੈਮ ਹਰਸ਼ਵਰਦਨ ਨੂੰ ਬੈਂਸ ਜੱਟ ਲਿਖਦੇ ਹਨ। ਹਰ ਪਿੰਡ ਦੀ ਪੰਜ ਮੈਂਬਰੀ ਪੰਚਾਇਤ ਹੁੰਦੀ ਸੀ। ਚੌਰਾਸੀ ਪਿੰਡਾਂ ਦੀਆਂ ਪੰਚਾਇਤਾਂ ਨੂੰ ਖੱਪ ਕਿਹਾ ਜਾਂਦਾ ਸੀ। ਸੱਭ ਜੱਟ ਗੋਤਾਂ ਦੀਆਂ ਸੱਭ ਖੱਪ ਨੂੰ ਮਿਲਾ ਕੇ ਸਰਵ ਖੱਪ ਬਣਦੀ ਸੀ। ਸੱਤਲੁਜ ਤੋਂ ਚੰਬਲ ਤਕ ਹਰੀਆਣਾ ਸਰਵ ਖੱਪ ਦਾ ਇਲਾਕਾ ਹੈ। ਜਿਲਾ ਮੁਜ਼ੱਫਰਨਗਰ ਦੀ ਬੱਲੀਆਂ (ਬੱਲ) ਖੱਪ ਬਹੁਤ ਮਸ਼ਹੂਰ ਹੈ। ਬੱਲ ਖੱਪ ਦਾ ਚੌਧਰੀ ਹੀ ਸਰਵ ਖੱਪ ਦਾ ਚੌਧਰੀ ਹੈ। ਬੱਲੀਆਂ ਖੱਪ ਦੀਆਂ ਹੱਥ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਦੇ ਬਜ਼ੁਰਗ ਮੇਵਾੜ ਖਾਨਦਾਨ ਅਤੇ ਬਲਬੀਪੁਰ ਖਾਨਦਾਨ ਵਾਲੇ ਸਨ। ਇਹਨਾਂ ਹੱਥ ਲਿਖਤਾਂ ਦਾ ਕੁਝ ਹਿੱਸਾ ਸਰਵ ਖੱਪ ਦੇ ਹਫਤਾਵਾਰ ਰਿਸਾਲੇ ਸਰਵ ਹਿਤਕਾਰੀ ਵਿੱਚ ਛੱਪਿਆ ਸੀ। ਇਸ ਲੇਖ ਮੁਤਾਬਕ ਸ਼ਿਵਾ ਜੀ ਦੇ ਬਾਬਾ ਮੱਲੂ ਜੀ ਤੋਂ ਸੱਤ ਪੁਸ਼ਤਾਂ ਪਹਿਲੇ ਭੀਮ ਸਿੰਘ ਸਿਸੋਦੀਆ, ਭੋਂਸਲਾ ਨਾਮ ਦੇ ਕਿਲੇ ਦੀ ਕੈਦ ਵਿਚੋਂ ਬੱਚ ਕੇ ਨਿਕਲ ਗਿਆ ਸੀ। ਇਸ ਤੋਂ ਖਾਨਦਾਨ ਦਾ ਨਾਮ ਭੋਂਸਲਾ ਪੈ ਗਿਆ। ਇਹ ਵਾਕਿਆ ਤਕਰੀਬਨ ਸੰਨ 1303 C.E ਦਾ ਹੈ। ਇਸ ਵਤਕ ਅਲਾਉਦੀਨ ਖਿਲਜ਼ੀ ਨੇ ਚਿੱਤੌੜ ਅਤੇ ਆਸ ਪਾਸ ਦੇ ਕਿਲਿਆਂ ਉੱਤੇ ਕਬਜ਼ਾ ਕੀਤਾ ਹੋਇਆ ਸੀ। ਯਾਦ ਰਹੇ ਕਿ ਸਿਸੋਦੀਆ ਬੱਲ ਵੰਸ਼ੀ ਸਨ। ਇਸ ਤਰਾਂ ਭੋਂਸਲਾ ਵੀ ਬੱਲ ਵੰਸ਼ ਦੀ ਹੀ ਇੱਕ ਸ਼ਾਖਾ ਹਨ।

ਸ਼ਿਵਾ ਜੀ ਦਾ ਬਾਬਾ ਮੱਲੂ ਜੀ ਅਹਿਮਦਨਗਰ ਦੇ ਰਾਜ ਦੀ ਸੈਨਾ ਵਿੱਚ 5,000 ਘੋੜ ਸਵਾਰ ਜੱਥੇ ਦਾ ਸਰਦਾਰ ਸੀ। 1594 C.E ਵਿੱਚ ਮੱਲੂ ਜੀ ਦੇ ਪੁੱਤਰ ਸ਼ਾਹ ਜੀ ਦਾ ਜਨਮ ਹੋਇਆ। 1604 C.E ਵਿੱਚ ਪੂਨਾ ਅਤੇ ਸੂਪਾ

ਪਰਗਣਾ ਦੀ ਜਗੀਰ ਮੱਲੂ ਜੀ ਨੂੰ ਮਿਲੀ। ਸ਼ਾਹ ਜੀ ਨਵਾਬ ਬੀਜ਼ਾਪੁਰ ਦੇ ਦਰਬਾਰ ਵਿੱਚ ਉੱਚ ਅਧਿਕਾਰੀ ਬਣਿਆਂ । ਅਪਰੈਲ 20, 1627 C.E ਸ਼ਿਵਨਰ ਦੇ ਕਿਲੇ ਵਿੱਚ ਪਿਤਾ ਸ਼ਾਹ ਜੀ ਅਤੇ ਮਾਤਾ ਜੀਜਾ ਬਾਈ ਦੇ ਘਰ ਸ਼ਿਵਾ ਜੀ ਦਾ ਜਨਮ ਹੋਇਆ। ਮਾਤਾ ਜੀਜਾ ਬਾਈ ਵੀ ਜੱਟਾਂ ਦੀ ਹੀ ਬੇਟੀ ਸੀ। ਸ਼ਿਵਾ ਜੀ ਦੇ ਗੁਰੂ ਦਾ ਨਾਮ ਰਾਮ ਦਾਸ ਸੀ। ਵੱਡੇ ਹੋ ਕੇ ਸ਼ਿਵਾ ਜੀ ਨੇ ਇਕ ਵੱਡਾ ਰਾਜ ਸਥਾਪਤ ਕੀਤਾ ਜਿਸ ਦੀਆਂ ਹੱਦਾਂ ਸੂਰਤ ਤੋਂ ਗੋਆ ਤੱਕ ਸਨ। ਬਗਲਾਨ, ਪੂਨਾ, ਸਤਾਰਾ, ਸਢੋਰ, ਕੋਹਲਾਪੁਰ, ਸੀਰਾ, ਬਲੂਰ ਅਤੇ ਝਿੰਜੀ ਵੀ ਸ਼ਿਵਾ ਜੀ ਦੇ ਅਧੀਨ ਸਨ। ਅਪਰੈਲ 4, 1680 C.E ਵਿੱਚ ਬੱਲ ਵੰਸ਼ੀ ਸ਼ਿਵਾ ਜੀ ਭੌਂਸਲੇ ਦਾ ਦੇਹਾਂਤ ਹੋ ਗਿਆ।

ਬੱਲ ਵੰਸ਼ੀ ਜੱਟਾਂ ਦਾ ਇਕ ਹੋਰ ਰਾਜ ਭੌਂਸਲੇ ਖਾਨਦਾਨ ਦੇ ਨਾਮ ਥੱਲੇ ਬੇਰਾਰ ਮਹਾਂਰਾਸ਼ਟਰ ਵਿੱਚ ਸਥਾਪਤ ਹੋਇਆ। ਰਾਧੋ ਜੀ ਭੌਂਸਲੇ ਨੂੰ ਇਹ ਰਾਜ ਪੇਸ਼ਵਾ ਬਾਜੀ ਰਾਓ ਤੋਂ ਮਿਲਿਆ ਸੀ। ਸੰਨ 1797 C.E ਤੋਂ ਸੰਨ 1863 C.E ਤੱਕ ਬੱਲਾਂ ਦੀਆਂ ਅੱਠ ਪੁਸ਼ਤਾਂ ਨੇ ਨਾਗਪੁਰ ਨੂੰ ਰਾਜਧਾਨੀ ਬਣਾਕੇ ਬੇਰਾਰ ਉੱਤੇ ਰਾਜ ਕੀਤਾ। ਅੱਜ ਵੀ ਨਾਗਪੁਰ ਦੇ ਇਲਾਕੇ ਵਿੱਚ ਬੱਲ ਗੋਤ ਦੇ ਲੋਕ ਹਨ ਜੋ ਆਪਣੇ ਆਪ ਨੂੰ ਭੌਂਸਲੇ ਨਹੀ ਬੱਲ ਲਿਖਦੇ ਹਨ।

ਸਰਵ ਖੱਪ ਦੇ ਇਤਿਹਾਸ ਮੁਤਾਬਕ ਬੱਲਾਂ ਦਾ ਇਕ ਵੱਡਾ ਜੱਥਾ ਰਾਜਾ ਵਿਜੇ ਰਾਓ ਦੀ ਅਗਵਾਈ ਹੇਠ ਗੁੜਗਾਂਉਂ ਆਇਆ। ਏਥੋਂ ਇਹ ਜਮਨਾ ਪਾਰ ਕਰਕੇ ਉੱਤਰ ਪ੍ਰਦੇਸ ਦੇ ਜਿਲਾ ਮੁਜ਼ੱਫਰਨਗਰ ਪਹੁੰਚੇ। ਉੱਤਰ ਪ੍ਰਦੇਸ ਦੀ ਬੱਲੀਆਂ ਖੱਪ ਦੇ ਅਧੀਨ ਕੋਈ ਇੱਕ ਸੌ ਦੇ ਕਰੀਬ ਪਿੰਡ ਹਨ। ਇਹਨਾਂ ਵਿੱਚੋਂ ਸਿਸੋਲੀ (ਸ਼ਿਵਪੁਰੀ) ਸੱਭ ਤੋਂ ਵੱਡਾ ਹੈ। ਦੂਜਾ ਮਹੱਤਵ ਪੂਰਨ ਪਿੰਡ ਸ਼ਰੋਨ ਹੈ। ਸ਼ਰੋਨ ਹੀ ਇਸ ਬੱਲ ਖੱਪ ਦਾ ਹੈਡਕੁਆਟਰ ਹੈ। Dr. M.C Pardhan ਆਪਣੀ ਕਿਤਾਬ 'Political System of the Jats' ਵਿੱਚ ਲਿਖਦਾ ਹੈ ਕਿ ਮੁਜ਼ੱਫਰਨਗਰ ਦਾ ਇਲਾਕਾ ਰਾਜਾ ਹਰਸ਼ਵਰਦਨ ਨੇ ਆਪਣੀ ਬੇਟੀ ਦੇ ਦਾਜ ਵਿੱਚ ਬੱਲਬੀਪੁਰ ਵਾਲੇ ਬੱਲਾਂ ਨੂੰ ਦਿੱਤਾ ਸੀ। ਏਥੇ ਭਨੇਰਾ ਦਾ ਜੰਗਲ ਸਾਫ ਕਰਕੇ ਬੱਲਾਂ ਨੇ ਆਪਣਾਂ ਪਹਿਲਾ ਪਿੰਡ ਸ਼ਿਵਪੁਰੀ ਵਸਾਇਆ।

ਰਾਜਾ ਉਦੇਰਾਮ ਨਰਦੇਵ ਨੇ ਹਰਿਆਣਾਂ ਦੇ ਧਵਣੀ ਅਤੇ ਬਲੌਰ ਕਸਬੇ ਵਸਾਏ। ਅੱਜ ਕੱਲ ਹਰਿਆਣਾਂ ਦੇ ਜਿਲਾ ਹਿਸਾਰ, ਕਰਨਾਲ, ਅੰਬਾਲਾ ਅਤੇ ਮੁਰਾਦਾਬਾਦ ਵਿੱਚ ਹਿੰਦੂ ਬੱਲ ਜੱਟਾਂ ਦੀ ਕਾਫੀ ਅਬਾਦੀ ਹੈ।ਗਹਿਲੋਤ ਰਾਜਪੂਤ ਜੋ ਕਿ ਬੱਲ ਵੰਸ਼ ਦੀ ਹੀ ਇਕ ਸ਼ਾਖਾ ਹਨ ਜਿਲਾ ਰੋਹਤਕ ਜਿਲਾ ਸੋਨੀਪਤ ਅਤੇ ਦਿੱਲੀ ਦੇ ਇਲਾਕੇ ਵਿੱਚ ਇਹਨਾਂ ਦੀ ਵੀ ਭਾਰੀ ਅਬਾਦੀ ਹੈ। ਯਾਦ ਰਹੇ ਕਿ ਗਹਿਲੋਤਾਂ ਦਾ ਮੋਢੀ ਗੋਹਿਲ ਬੱਲਬੀਪੁਰ ਦੇ ਬੱਲ ਰਾਜੇ ਦਾ ਪੁੱਤਰ ਸੀ। ਪੰਜਾਬ ਦੇ ਸਿੱਖ ਬੱਲ ਜੱਟ ਜਿਲਾ ਅਮ੍ਰਿਤਸਰ, ਕਪੂਰਥਲਾ, ਜਲੰਧਰ ਅਤੇ ਲੁਦਿਆਣਾਂ ਦੇ ਇਲਾਕਿਆ ਵਿਚ ਵੱਸਦੇ ਹਨ। ਬਾਇਆਬੱਲ ਦੀ ਅਗਵਾਈ ਹੇਠ ਬੱਲ ਅਤੇ ਜੱਗਦੇਓ ਪਰਮਾਰ ਦੀ ਅਗਵਾਈ ਹੇਠ ਸੇਖੋਂ ਅਤੇ ਕਈ ਹੋਰ ਪਰਮਾਰ ਜੱਟ ਕਬੀਲੇ ਪੰਜਾਬ ਵਿੱਚ ਪਹੁੰਚੇ।

ਸੰਨ 1362 C.E ਨੂੰ ਹਰਦਵਾਰ ਵਿੱਚ ਇੱਕ ਸਰਵ ਜੱਟ ਸਭਾ ਹੋਈ। ਜਿਸ ਵਿੱਚ ਸਿਸੋਲੀ ਜਿਲਾ ਮੁਜ਼ੱਫਰਨਗਰ ਉੱਤਰ ਪ੍ਰਦੇਸ ਦੀ ਬੱਲ ਖੱਪ ਨੂੰ ਜੱਟਾਂ ਦਾ ਪ੍ਰਚੀਨ ਇਤਿਹਾਸ ਸਾਂਭਣ ਦੀ ਜੁਮੇਵਾਰੀ ਸੌਂਪੀ ਗਈ। ਵੱਖ ਵੱਖ ਪ੍ਰਾਂਤਾਂ ਵਿੱਚ ਬੱਲਾਂ ਦੇ 400 ਦੇ ਕਰੀਬ ਪਿੰਡ ਹਨ। ਇਕੱਲੇ ਮੁਜ਼ੱਫਰਨਗਰ ਜਿਲੇ ਵਿੱਚ ਬੱਲਾਂ ਦੇ ਚੌਰਾਸੀ ਪਿੰਡ ਹਨ।ਖੱਪ ਦੇ ਚੌਧਰੀ ਦੀ ਚੋਣ ਤੋਂ ਬਾਦ ਉਸਦੇ ਮੱਥੇ ਉੱਤੇ ਟਿੱਕਾ ਲਗਾਇਆ ਜਾਂਦਾ ਹੈ। ਇਸ ਟਿੱਕਾ ਧਾਰੀ ਚੌਧਰੀ ਨੂੰ ਟਿੱਕੈਤ ਕਹਿੰਦੇ ਹਨ। ਇਹ ਰਸਮ ਮਹਾਂਰਾਜਾ ਹਰਸ਼ਵਰਦਨ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਅੱਜ ਕੱਲ ਬੱਲ ਖੱਪ ਦਾ ਚੌਧਰੀ ਮਹਿੰਦਰ ਸਿੰਘ ਟਿੱਕੈਤ ਹੈ। ਚੌਧਰੀ ਦਾ ਅਹੁਦਾ ਪੁਸ਼ਤਾਨੀ ਹੈ। ਮਹਿੰਦਰ ਸਿੰਘ ਤੋਂ ਪਹਿਲਾਂ ਉਹਦੇ ਪਿਤਾ ਚੌਧਰੀ ਚੋਹਾਲ ਸਿੰਘ ਅਤੇ ਉਸਤੋਂ ਪਹਿਲਾਂ ਚੋਹਾਲ ਸਿੰਘ ਦੇ ਪਿਤਾ ਕਾਬਲ ਸਿੰਘ ਬੱਲ ਖੱਪ ਦੇ ਚੌਧਰੀ ਸਨ। ਪਿਛਲੇ 1300 ਸੌ ਸਾਲ ਤੋਂ ਬੱਲ ਖੱਪ ਦੇ ਚੌਧਰੀ ਏਸੇ ਪ੍ਰੀਵਾਰ ਵਿੱਚੋਂ ਹਨ।

## ਬਾਜ ਸਿੰਘ ਬੱਲ

ਗੁਰੂ ਗੋਬਿੰਦ ਸਿੰਘ ਜੀ ਨੇ ਮਹਾਂਰਾਸ਼ਟਰ ਦੇ ਸ਼ਹਿਰ ਨੰਦੇੜ, ਅੱਜ ਦੇ ਹਜ਼ੂਰ ਸਾਹਿਬ ਵਿਖੇ, ਬੰਦਾ ਬਹਾਦੁਰ ਨੂੰ ਇੱਕ ਹੱਥ ਲਿਖਤ ਫਰਮਾਨ, ਇੱਕ ਨਗਾਰਾ, ਆਪਣੀ ਕ੍ਰਿਪਾਨ, ਆਪਣੇ ਭੱਥੇ ਦੇ ਪੰਜ ਤੀਰ ਅਤੇ ਆਪਣੇ ਪੰਜ ਵਿਸ਼ਵਾਸੀ ਅਤੇ ਸੂਰਮੇ ਸਿੰਘ ਦੇ ਕੇ ਸਿੱਖਾਂ ਦਾ ਆਗੂ ਥਾਪਿਆ। ਇਹਨਾਂ ਪੰਜਾਂ ਸਿੰਘਾਂ ਦੇ ਨਾਮ ਸਨ, ਬਾਜ਼ ਸਿੰਘ ਬੱਲ, ਰਾਮ ਸਿੰਘ ਬੱਲ, ਬਿਨੋਦ ਸਿੰਘ ਅਤੇ ਉੱਸਦੇ ਦੋ ਪੁੱਤਰ ਕਾਹਨ ਸਿੰਘ ਅਤੇ ਫਤਿਹ ਸਿੰਘ। ਬਾਜ਼ ਸਿੰਘ ਬੱਲ ਅਤੇ ਰਾਮ ਸਿੰਘ ਬੱਲ ਸੱਕੇ ਭਰਾ ਸਨ। ਜਦੋਂ ਬੰਦਾ ਬਹਾਦੁਰ ਪੰਜਾਬ ਪਹੁੰਚਾ ਤਾਂ ਗੁਰੂ ਸਾਹਿਬ ਦਾ ਫਰਮਾਨ ਸੁਣਕੇ ਹਜ਼ਾਰਾਂ ਪੰਜਾਬੀ ਉਸ ਦੀ ਫੋਜ ਵਿੱਚ ਆ ਰਲੇ। ਕੁਝ ਹੀ ਦਿਨਾਂ ਵਿੱਚ ਹਿਸਾਰ, ਟੋਹਾਣਾਂ, ਸੋਨੀਪੱਤ, ਕੈਥਲ, ਸਮਾਣਾ ਅਤੇ ਮੁਖਲਿਸਪੁਰ ਬੰਦਾ ਬਹਾਦੁਰ ਦੇ ਕਬਜ਼ੇ ਵਿੱਚ ਆ ਗਏ। ਮੁਖਲਿਸਪੁਰ ਵਿੱਚ ਇੱਕ ਕਿਲਾ ਬਣਾਕੇ ਇਸ ਦਾ ਨਾਮ ਲੋਹਗੜ੍ਹ ਰਖਿਆ ਗਿਆ। ਲੋਹਗੜ ਦੇ ਹੈਡਕੁਆਟਰ ਤੋਂ ਬੰਦਾ ਬਹਾਦੁਰ ਦਾ ਪਹਿਲਾ ਫਰਮਾਨ ਇਹ ਸੀ ਕਿ ਮੁਗਲਾਂ ਦਾ ਚਲਾਇਆ ਜ਼ਿਮੀਦਾਰਾ ਸਿਸਟਮ ਬੰਦ। ਜ਼ਮੀਨ ਉਹਦੀ ਜੋ ਉਸ ਉੱਤੇ ਖੇਤੀ ਕਰਦਾ ਹੈ। ਇਸ ਤੋਂ ਪਹਿਲਾਂ ਪੰਜਾਬ ਦੀ ਸਾਰੀ ਜ਼ਮੀਨ ਮੁਗਲਾਂ ਦੇ ਥਾਪੇ ਜ਼ਿਮੀਦਾਰਾਂ ਦੀ ਮਲਕੀਤ ਹੁੰਦੀ ਸੀ। ਜੱਟ ਦੀ ਹੈਸੀਅਤ ਇੱਕ ਕੰਮੀ ਮੁਜਾਰੇ ਤੋਂ ਵੱਧ ਨਹੀਂ ਸੀ। ਇਸ ਫਰਮਾਨ ਦੇ ਲਾਗੂ ਹੋਣ ਨਾਲ ਜੱਟ ਜ਼ਮੀਨਾਂ ਦੇ ਮਾਲਕ ਅਤੇ ਸਰਦਾਰ ਬਣੇ।

ਬੰਦਾ ਬਹਾਦੁਰ ਦੀ ਫੋਜ ਵਿੱਚ ਤਿੰਨ ਤਰਾਂ ਦੇ ਲੋਕ ਸਨ। ਖਾਲਸਈ, ਬੰਦਈ ਅਤੇ ਦੰਗਈ। ਖਾਲਸਈ ਉਹ ਜੋ ਗੁਰੂ ਗੋਬਿੰਦ ਸਿੰਘ ਦੇ ਫਰਮਾਨ ਨੂੰ ਮੰਨਦੇ ਹੋਏ ਬੰਦੇ ਦੀ ਅਗਵਾਈ ਹੇਠ ਆ ਗਏ। ਬੰਦਈ ਉਹ ਜੋ ਬੰਦੇ ਦੀਆਂ ਜਿੱਤਾਂ ਅਤੇ ਚੰਗੇ ਹੁਕਮ ਨਾਮੇ ਸੁਣਕੇ ਬੰਦੇ ਨੂੰ ਹੀ ਗੁਰੂ ਮੰਨਣ ਲੱਗ ਪਏ ਸਨ ਅਤੇ ਦੰਗਈ ਉਹ ਜੋ ਸਿਰਫ ਲੁੱਟ ਮਾਰ ਕਰਨ ਦੇ ਲਾਲਚ ਨਾਲ ਬੰਦੇ ਦੀ ਫੋਜ ਵਿੱਚ ਆ ਰਲੇ ਸਨ। ਇਸ ਤਰਾਂ ਬੰਦੇ ਦੀ ਫੋਜ ਦੀ ਗਿਣਤੀ ਕੋਈ ਤੀਹ ਹਜ਼ਾਰ ਦੇ ਕਰੀਬ ਹੋ ਗਈ। ਇਹਨਾਂ ਵਿਚੋਂ ਬਹੁਤਿਆਂ ਨੂੰ ਕੋਈ ਫੋਜੀ ਸਿਖਲਾਈ ਨਹੀ ਸੀ ਮਿਲੀ। ਬੰਦੇ ਦੀ ਫੋਜ ਕੋਲ ਨਾ ਕੋਈ ਹਾਥੀ ਅਤੇ ਨਾਂ ਹੀ ਤੋਪਖਾਨਾ ਸੀ। ਹੱਥਿਅਰਾਂ ਦੇ ਤੌਰ ਉੱਤੇ ਇਹਨਾਂ ਕੋਲ ਬੱਸ ਬਰਸ਼ੀਆਂ, ਕ੍ਰਿਪਾਨਾਂ, ਕੁਹਾੜੀਆਂ ਅਤੇ ਤੀਰ ਹੀ ਸਨ। ਘੋੜ ਸਵਾਰ ਵੀ ਬੱਸ ਗਿਣਤੀ ਦੇ ਹੀ ਸਨ।

ਦੂਜੇ ਪਾਸੇ ਸਰਹੰਦ ਦੇ ਨਵਾਬ ਵਜ਼ੀਰ ਖਾਂਨ ਅਤੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂਨ ਦੀ ਫੋਜ਼ ਸੀ। ਇਕੱਲੇ ਵਜ਼ੀਰ ਖਾਨ ਦੀ ਫੋਜ ਵਿੱਚ 6,000 ਘੋੜ ਸਵਾਰ, 9,000 ਬਰਕਨਦਾਜ਼ (ਬੰਦੂਕਾਂ) ਅਤੇ ਤੀਰਅੰਦਾਜ਼, 10 ਤੋਪਾਂ ਦਾ ਤੋਪਖਾਨਾ ਅਤੇ ਸੈਂਕੜੇ ਹਾਥੀ ਸਨ। ਖੱਫੀ ਖਾਨ ਦੇ ਕਥਨ ਮੁਤਾਬਕ ਮੁਗਲ ਅਫਸਰਾਂ ਦੀ ਸਿਖਲਾਈ ਹੋਈ ਇਸ ਸਰਹੰਦੀ ਫੋਜ ਦੀ ਗਿਣਤੀ ਤਕਰੀਬਨ 40,000 ਸੀ।

ਇਹਨਾਂ ਦੋਹਾਂ ਫੋਜਾਂ ਦਾ ਮੁਕਾਬਲਾ ਸਰਹੰਦ ਦੇ ਨਜ਼ਦੀਕ ਛੱਪੜ ਚੀਰੀ ਦੀ ਥਾਂ ਉੱਤੇ ਹੋਇਆ। ਮੁਗਲ ਫੋਜ ਦਾ ਮੁੱਖ ਸੈਨਾਪਤੀ ਵਜ਼ੀਰ ਖਾਨ ਸੀ। ਸ਼ੇਰ ਮੁਹੰਮਦ ਖਾਨ ਅਤੇ ਦੀਵਾਨ ਸੁੱਚਾ ਨੰਦ ਉਸਦੇ ਸਹਾਇਕ ਸਨ। ਸਿੱਖ ਫੋਜ ਦਾ ਮੁੱਖ ਸੈਨਾਪਤੀ ਬੰਦਾ ਸਿੰਘ ਬਹਾਦੁਰ ਸੀ ਬਾਜ ਸਿੰਘ ਬੱਲ ਅਤੇ ਬਿਨੋਦ ਸਿੰਘ ਉਸਦੇ ਸਹਾਇਕ ਸਨ। ਬਾਜ ਸਿੰਘ ਬੱਲ ਪਿੰਡ ਮੀਰਪੁਰ ਤਹਿਸੀਲ ਪੱਟੀ ਜਿਲਾ ਅਮ੍ਰਿਤਸਰ ਆਪਣੀ ਬਹਾਦੁਰੀ ਅਤੇ ਤਲਵਾਰ ਬਾਜ਼ੀ ਲਈ ਮਸ਼ਹੂਰ ਸੀ। ਸੁੱਚਾ ਨੰਦ ਅਤੇ ਉਸਦੀ ਫੋਜ ਛੇਤੀਂ ਹੀ ਮੈਦਾਨ ਛੱਡਕੇ ਭੱਜ ਗਏ। ਦੂਜੇ ਪਾਸੇ ਸ਼ੇਰ ਮੁਹੰਮਦ ਖਾਨ ਵੀ ਬਿਨੋਦ ਸਿੰਘ ਨਾਲ ਲੜਦਾ ਹੋਇਆ ਮਾਰਿਆ ਗਿਆ ਅਤੇ ਉਸਦੀ ਫੋਜ ਵੀ ਤਿਤਰ ਬਿਤਰ ਹੋ ਗਈ। ਕੇਂਦਰ ਵਿੱਚ ਅਜੇ ਵੀ ਘਮਸਾਨ ਦਾ ਯੁੱਧ ਚੱਲ ਰਿਹਾ ਸੀ। ਹੁਣ ਬਾਜ ਸਿੰਘ ਬੱਲ, ਬਿਨੋਦ ਸਿੰਘ ਅਤੇ ਉਹਦਾ ਪੁਤਰ ਫਤਿਹ ਸਿੰਘ ਵੀ ਬੰਦੇ ਦੀ ਸਹਾਇਤਾ ਲਈ ਪਹੁੰਚ ਗਏ। ਅਖੀਰ ਵਜ਼ੀਰ ਖਾਨ ਵੀ ਮਾਰਿਆ ਗਿਆ।

ਵਜ਼ੀਰ ਖਾਨ ਦੀ ਮੌਤ ਕਿਵੇਂ ਹੋਈ ? ਇਸ ਬਾਬਤ ਵੱਖ ਵੱਖ ਇਤਿਹਾਸਕਾਰ ਵੱਖ ਵੱਖ ਲਿਖਦੇ ਹਨ। ਖੱਫੀ ਖਾਨ ਕਹਿੰਦਾ ਹੈ ਕਿ ਵਜ਼ੀਰ ਖਾਨ ਦੀ ਮੌਤ ਬੰਦੂਕ ਦੀ ਗੋਲੀ ਲੱਗਣ ਨਾਲ ਹੋਈ। ਮੀਰ ਮੁਹੰਮਦ ਲਿਖਦਾ ਹੈ ਕਿ ਵਜ਼ੀਰ ਖਾਨ ਅਤੇ ਬਾਜ ਸਿੰਘ ਬੱਲ ਇੱਕ ਦੂਜੇ ਉੱਤੇ ਵਾਰ ਕਰ ਰਹੇ ਸਨ। ਵਜ਼ੀਰ ਖਾਨ ਦਾ ਘੋੜਾ ਜਖਮੀ ਹੋਕੇ ਡਿੱਗ ਪਿਆ ਅਤੇ ਉਸ ਵੇਲੇ ਫਤਿਹ ਸਿੰਘ ਨੇ ਆਪਣੀ ਤਲਵਾਰ ਨਾਲ ਵਜ਼ੀਰ ਖਾਨ ਨੂੰ ਮੋਢੇ ਤੋਂ ਢਿੱਡ ਤੱਕ ਵੱਢ ਦਿੱਤਾ। ਮੁਹੰਮਦ ਲਤੀਫ ਲਿਖਦਾ ਹੈ ਕਿ ਵਜ਼ੀਰ ਖਾਨ ਦੀ ਮੌਤ ਇਕ ਤੀਰ ਵੱਜਣ ਕਾਰਣ ਹੋਈ। ਇਸ ਜਿੱਤ ਤੋਂ ਬਾਦ ਬਾਜ ਸਿੰਘ ਬੱਲ ਸਰਹੰਦ ਦਾ ਪਹਿਲਾ ਸਿੱਖ ਗਵਰਨਰ (ਸੂਬੇਦਾਰ) ਬਣਿਆ।

ਸੰਨ 1710 ਵਿੱਚ ਸਰਹੰਦ ਫਿਰ ਮੁਗਲਾਂ ਦੇ ਕਬਜ਼ੇ ਵਿੱਚ ਆ ਗਿਆ। ਸੰਨ 1716 ਵਿੱਚ ਬੰਦਾ ਅਤੇ ਉਸਦੇ ਸਾਥੀ ਗੁਰਦਾਸ ਨੰਗਲ ਦੇ ਕਿਲੇ ਵਿੱਚ ਘੇਰੇ ਗਏ। ਚਾਲੀ ਦਿਨ ਭੁੱਖੇ ਪਿਆਸੇ ਰਹਿਕੇ ਮੁਗਲਾਂ ਦਾ ਘੇਰਾ ਤੋੜਨ ਦੀ ਕੋਸ਼ਿਸ਼ ਕਰਨ ਤੋਂ ਬਾਦ, ਬੰਦਾ ਬਹਾਦੁਰ, ਬਾਜ ਸਿੰਘ ਬੱਲ ਅਤੇ ਉਹਨਾਂ ਦੇ 700 ਤੋਂ ਵੱਧ ਸਾਥੀਆਂ ਨੂੰ ਕੈਦੀ ਬਣਾਕੇ ਦਿਲੀ ਲਿਆਂਦਾ ਗਿਆ। ਕਈ ਦਿਨ ਤਸੀਹੇ ਦੇਣ ਤੋਂ ਬਾਦ ਜੂਨ 10, 1716 ਬੰਦਾ ਬਹਾਦੁਰ ਅਤੇ ਬਾਜ ਸਿੰਘ ਬੱਲ ਨੂੰ ਕਤਲ ਕਰਨ ਲਈ ਕੁਤਬ ਮੀਨਾਰ ਦੇ ਪਾਸ ਵਾਲੀ ਕਤਲਗਾਹ ਵਿੱਚ ਲਿਆਂਦਾ ਗਿਆ। ਮੁਗਲ ਬਾਦਸ਼ਾਹ ਫਰੁੱਖਸੀਅਰ ਆਪ ਖੁਦ ਇਸ ਕਤਲ ਦਾ ਨਜ਼ਾਰਾ ਵੇਖਣ ਆਇਆ ਹੋਇਆ ਸੀ। ਫਰੁੱਖਸੀਅਰ ਬਾਜ ਸਿੰਘ ਬੱਲ ਨੂੰ ਮਖੌਲ ਨਾਲ ਕਹਿਣ ਲੱਗਾ, "ਸੁਣਿਆਂ ਤੂੰ ਬੜਾ ਬਹਾਦੁਰ ਹੈਂ ਪਰ ਅੱਜ ਤੇਰੀ ਬਹਾਦੁਰੀ ਕਿਥੇ ਗਈ ? ਬਾਜ ਸਿੰਘ ਬੱਲ ਦਾ ਜਵਾਬ ਸੀ ਕਿ, " ਜੇ ਮੇਰੀ ਬਹਾਦੁਰੀ ਵੇਖਣੀ ਹੈ ਤਾਂ ਥੋੜੇ ਚਿਰ ਲਈ ਮੇਰੀਆਂ ਹੱਥਕੜੀਆਂ ਖੁਲਵਾ ਦੇ" ਫਰੁੱਖਸੀਅਰ ਨੇ ਇਹ ਸੋਚਕੇ ਕਿ ਚਾਲੀ ਦਿਨ ਦਾ ਭੁੱਖਾ ਪਿਆਸਾ ਅਤੇ ਤਸੀਹਿਆਂ ਦਾ ਮਾਰਿਆ, ਸਾਡੇ ਸਿਪਾਹੀਆਂ ਨਾਲ ਘਿਰਿਆ, ਨਿਹੱਥਾ ਇਹ ਸਾਡਾ ਕੀ ਵਿਗਾੜ ਲਵੇਗਾ। ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਇਸਦੇ ਹੱਥ ਖੋਲ ਦਿਓ। ਸਿਪਾਹੀ ਨੇ ਅਜੇ ਬਾਜ ਸਿੰਘ ਬੱਲ ਦਾ ਇਕ ਹੱਥ ਹੀ ਖੋਹਲਿਆ ਸੀ ਕਿ ਉਹਨੇ ਓਸੇ ਸਿਪਾਹੀ ਦੀ ਤਲਵਾਰ ਖੋਹਕੇ ਫਰੁੱਖਸੀਅਰ ਦੇ ਸੱਤ ਅੰਗ ਰਕਸ਼ੱਕ ਮਾਰ ਦਿੱਤੇ। ਡਾਕਟਰ ਸੰਤੋਖ ਸਿੰਘ ਆਪਣੀ ਕਿਤਾਬ 'The Guru's Word' ਵਿੱਚ ਲਿਖਦਾ ਹੈ "He (Baj Singh Bal) slashed the heads of seven guards before they could act. Emperor Farukh Siyar himself had a narrow escape".

## ਬੱਲਗਾਰੀਅਨ ਬੱਲ:

ਅੰਗਰੇਜ਼ੀ ਜ਼ੁਬਾਨ ਵਿੱਚ ਭਾਵੇ ਇਸ ਮੁਲਕ ਨੂੰ 'Bulgaria' ਲਿਖਿਆ ਜਾਂਦਾ ਹੈ ਪਰ ਇਸ ਮੁਲਕ ਦੀ ਪ੍ਰਾਚੀਨ ਭਾਸ਼ਾ ਵਿੱਚ ਇਸ ਨੂੰ 'Balgaria' ਲਿਖਿਆ ਗਿਆ ਹੈ। ਜੱਟ ਇਤਿਹਾਸਕਾਰ ਭੀਮ ਸਿੰਘ ਦਾਹੀਆ ਦੇ ਖਿਆਲ ਮੁਤਾਬਕ 'Balgaria' ਜਿਸਨੂੰ 'Balgary' ਵੀ ਕਹਿੰਦੇ ਹਨ ਦੋ ਲੱਫਜ਼ਾਂ Bal+Gary ਦੇ ਜੋੜ ਤੋਂ ਬਣਿਆ ਹੈ। ਏਸੇ ਤਰਾਂ 'Hungary' ਵੀ Hun+Gary ਦੇ ਜੋੜ ਤੋਂ ਬਣਿਆਂ ਹੈ। ਭੀਮ ਸਿੰਘ ਦਾਹੀਆ ਹੀ ਲਿਖਦਾ ਹੈ ਕਿ 'Balkan' ਵੀ ਦੋ ਸ਼ਬਦਾਂ Bal+Khan ਦੇ ਜੋੜ ਤੋਂ ਬਣਿਆਂ ਹੈ। ਇਸ ਵਿੱਚ ਕੋਈ ਸ਼ੱਕ ਨਹੀ ਕਿ ਬੱਲਗਾਰੀਆ ਦੇ ਪ੍ਰਾਚੀਨ ਬੱਲ ਰਾਜੇ ਆਪਣੇ ਨਾਮ ਦੇ ਨਾਲ ਖਾਨ ਲਿਖਦੇ ਸਨ ਜਿਵੇਂ ਖਾਨ ਕੁਬਰਾਤ, ਖਾਨ ਅਸਪਾਰੁਖ। ਅੱਜ ਕੱਲ ਖਾਨ ਲਫਜ਼ ਅਫਗਾਨੀ ਮੁਸਲਮਾਨ ਲਈ ਵਰਤਿਆ ਜਾਂਦਾ ਹੈ। ਪਰ ਇਹ ਲਫਜ਼ ਮੁਹੰਮਦ ਸਾਹਿਬ ਦੇ ਜਨਮ ਤੋਂ ਵੀ ਪਹਿਲਾਂ ਦਾ ਹੈ ਜਦੋਂ ਇਸਲਾਮ ਅਜੇ ਹੋਂਦ ਵਿੱਚ ਵੀ ਨਹੀ ਸੀ ਆਇਆ।
"Khan is not a Muslim title, it is a pre-Muslim Central Asian title adopted by many Buddhist kings. It is derived from Khakan/ Kagan/ Khan". (Jats The Ancient Rulers by B.S.Dahiya)

ਬੱਲਗਾਰੀਆ ਦਾ ਮੋਢੀ ਬੱਲ ਰਾਜਾ ਕੁਬਰਾਤ ਸੀ। ਪਾਮੀਰ ਪਰਬਤ ਦੇ ਇਲਾਕੇ ਵਿੱਚੋਂ ਬੱਲ ਬਾਕੀ ਜੱਟ ਗੁਜਰ ਅਤੇ Huns ਕਬੀਲਿਆਂ ਦੇ ਨਾਲ ਦੋ ਦਿਸ਼ਾਵਾਂ, ਭਾਰਤ ਅਤੇ ਯੂਰਪ ਵੱਲ ਵੱਧੇ। ਅਸਲ ਵਿੱਚ ਜੱਟ, ਗੁਜਰ ਅਤੇ Huns ਇੱਕ ਹੀ ਲੋਕ ਹਨ। ਇਹਨਾਂ ਨੂੰ Hunu/Balgar ਵੀ ਕਿਹਾ ਗਿਆ ਹੈ।

"It is known that in the later half of 5th century A.D two tribes of the Hunas attacked the Holy Roman Empire and fought for 72 years, i.e., from 485 A.D to 557 A.D. The names of these Huna tribes are given as Kulurguri and Utarguri who, later on were called Balgari and gave their name to the country of Bulgaria in Europe" (J.J Modi in Journal of Bombay Branch of Royal Asiatic Society)

ਭੀਮ ਸਿੰਘ ਦਾਹੀਆ ਉਪਰੋਕਤ ਖੋਜ ਨੂੰ ਹੋਰ ਵਿਸਥਾਰ ਨਾਲ ਲਿਖਦਾ ਹੈ, "Now though it is mentioned that the decendants of the Kulars(Kulurguri) and the Utars(Utarguri), were called Bals, it cannot be correct because all three are different clan names, the Kullars, the Udars and the Bals, respectively. Therefore , what must really have happened is that the war was started by the Kulars and the Utars when their clans were ruling and later on the Bal clan must have come into power and gave its name to Bulgaria". (Jats The Ancient Rulers)

ਯੂਰਪ ਵਿੱਚ ਬੱਲਾਂ ਨੂੰ ਬਾਲਟ ਵੀ ਕਿਹਾ ਜਾਂਦਾ ਸੀ। ਪ੍ਰਾਚੀਨ ਸਮਿਆਂ ਵਿੱਚ ਇਹ ਲੋਕ ਬਾਲਟਿਕ ਸਮੁੰਦਰ ਦੇ ਦੱਖਣੀ ਕੰਢਿਆਂ ਉੱਤੇ ਵੱਸਦੇ ਸਨ। Jatvingian, Purusian ਅਤੇ Curunians ਇਹਨਾਂ ਬੱਲਾਂ ਦਾ ਹੀ ਹਿੱਸਾ ਸਨ। ਜੱਟਵਿੰਜੀਅਨ ਅੱਜ ਦੇ ਲਿਥੋਏਨੀਅਨ ਅਤੇ ਸਲਾਵ ਹਨ। ਪੁਰੂਸੀਅਨ ਜਰਮਨ ਲੋਕਾਂ ਵਿੱਚ ਖੱਪਤ ਹੋ ਗਏ ਅਤੇ ਕੁਰੂਨੀਅਨ ਅੱਜ ਦੇ ਲਟਿਵੀਅਨ ਹਨ।

"Balts the ancestors of Latvians and Lithuanians—maintained their individuality and paganism until the Middle Ages. Other Balts, however, were absorbed or displaced over the centuries; the eastern Baltic tribes, in particular, spread throughout Belarus and western Russia and were Slavicized after the northward expansion of the Slavs from the 7th to the 13th century AD." (Encyclopedia Britanica)

ਅੱਜ ਦੇ ਬੱਲਗਾਰੀਅਨ ਇਤਿਹਾਸਕਾਰ ਅਤੇ ਪ੍ਰਾਚੀਨਤਾ ਦੇ ਖੋਜੀ, Dr Petar Dobrev. Prof. Dr. Sc. Alexander Fol, Sofia State University. Dr. Dorian Alexandrov. Dr. Marin Dimitrov ਸਾਰੇ ਹੀ ਇਸ ਗੱਲ ਨਾਲ ਸਹਿਮਤ ਹਨ ਕਿ ਪ੍ਰਾਚੀਨ ਬਲਗਾਰੀਅਨ, ਜਿਹਨਾਂ ਨੂੰ ਬੱਲਹ, ਬੋਲਹ, ਬੱਲਗਾਰ ਅਤੇ ਬਲਹੀਕਾ ਕਿਹਾ ਜਾਂਦਾ ਸੀ, ਪਾਮੀਰ ਵਾਦੀ ਅਤੇ ਤਰੀਮ ਵਾਦੀ ਦੇ ਇਲਾਕੇ ਤੋਂ ਉੱਠਕੇ ਸਾਰੀ ਦੁਨੀਆਂ ਵਿੱਚ ਖਿਲਰੇ। ਇਹਨਾਂ ਪ੍ਰਾਚੀਨ ਬੱਲ ਜੱਟਾਂ ਦੇ ਹਮਲਿਆਂ ਨੂੰ ਰੋਕਣ ਲਈ ਹੀ ਚੀਨ ਦੀ ਮਹਾਨ ਕੰਧ ਬਣਾਈ ਗਈ ਸੀ। ਇਹਨਾਂ ਬੱਲਗਾਰ ਲੋਕਾਂ ਨੇ ਭਾਰਤ ਅਤੇ ਯੂਰਪ ਵਿੱਚ ਆਪਣੇ ਕਈ ਰਾਜ ਸਥਾਪਤ ਕੀਤੇ।

" In ancient times, the Bulgarians were also in close contact with the Indians who lived to the south of the Old Bulgarian fatherland. Near Mount Imeon (present day Pamyr and Hindukush), the most ancient Bulgarian land, one of the earliest agricultural civilizations of the East developed 4000-5000 years ago. According to the "Mahabharate", the ancient Indian epic, the Bulgarians participated in the great Indian war as allies of the Indian royal clan, the Kauravs, and famed themselves as brave warriors on horseback."(Senior Research Associate Dr. Peter Dobrev, Bulgarian Academy of Sciences.)

ਹੁਣ ਤੱਕ ਪਾਠਕ ਇਹ ਸਮਝ ਚੁੱਕੇ ਹੋਣਗੇ ਕਿ ਬੱਲ/ਜੱਟ ਕਿਵੇਂ ਅਤੇ ਕਦੋਂ ਪਾਮੀਰ ਪਰਬਤ ਦੇ ਇਲਾਕੇ ਤੋਂ ਸਿੰਧ ਗੁਜਰਾਤ ਅਤੇ ਭਾਰਤ ਦੇ ਬਾਕੀ ਇਲਕਿਆਂ ਵਿੱਚ ਪਹੁੰਚੇ। ਹੁਣ ਇਹ ਪਤਾ ਕਰਨਾਂ ਹੈ ਕਿ ਬਾਕੀ ਦੇ ਬੱਲ/ਜੱਟ ਪਾਮੀਰ ਦੇ ਇਲਾਕੇ ਤੋਂ ਹੀ ਕਿਉਂ ਅਤੇ ਕਿਵੇਂ ਯੂਰਪ ਪਹੁੰਚੇ। ਇਸ ਗੱਲ ਨੂੰ ਸਮਝਣ ਲਈ ਮੱਧ ਏਸ਼ੀਆ ਦਾ ਇਤਿਹਾਸ ਅਤੇ 'Steppe' ਇਲਾਕੇ ਦੇ ਜੁਗਰਾਫੀਆ ਦਾ ਗਿਆਨ ਹੋਣਾ ਜਰੂਰੀ ਹੈ। Ural Mountain ਦੇ

ਦੱਖਣ ਵਿੱਚ ਇੱਕ ਬਹੁੱਤ ਵੱਡਾ ਸਦਾ ਬਹਾਰ ਜੰਗਲ ਹੈ ਜਿਸਨੂੰ 'Tiaga' ਕਹਿੰਦੇ ਹਨ। ਇਸ ਜੰਗਲ ਦੇ ਦੱਖਣ ਵਿੱਚ ਮੰਗੋਲੀਆ ਤੋਂ ਰੋਮਾਨੀਆ ਤੱਕ ਹਜ਼ਾਰਾਂ ਮੀਲ ਲੰਮਾਂ ਹਰੇ ਘਾਹ ਦਾ ਇਲਾਕਾ ਹੈ। ਇਸ ਇਲਾਕੇ ਨੂੰ ਰੂਸੀ ਜ਼ਬਾਨ ਵਿੱਚ 'Steppe' ਕਹਿੰਦੇ ਹਨ। ਇਸ ਇਲਾਕੇ ਦੇ ਪਹਾੜ ਬਹੁੱਤੇ ਉੱਚੇ ਨਹੀ ਅਤੇ ਨਦੀਆਂ ਦਰਿਆ ਬਹੁਤ ਹਨ।

ਮੰਗੋਲੀਆ ਦੀ ਠੰਡ ਅਤੇ ਚੀਨ ਦੀ ਕੰਧ ਤੋਂ ਤੰਗ ਆ ਕੇ ਪ੍ਰਾਚੀਨ ਬੱਲ ਅਤੇ ਬਾਕੀ ਸੈਂਕੜੇ ਹੋਰ ਜੱਟ ਕਬੀਲੇ ਇਸ ਹਰੇ ਭਰੇ ਇਲਾਕੇ ਵਿੱਚ ਆਏ ਅਤੇ ਖਾਨਾਂ ਬਦੋਸ਼ਾਂ ਤੋਂ ਪ੍ਰਫੁਲਤ ਹੋ ਕੇ ਪ੍ਰਾਚੀਨ ਰਾਜੇ ਮਹਾਂਰਾਜੇ ਬਣੇ। ਜੱਟ ਘੋੜ ਸਵਾਰਾਂ ਲਈ ਇਹ ਲੰਮਾਂ ਪੱਧਰਾ ਇਲਾਕਾ ਇੱਕ ਜਰਨੈਲੀ ਸੜਕ ਵਾਂਗ ਸੀ। ਉਂਝ ਤਾਂ ਇਹ ਇਲਾਕਾ ਇੱਕ ਲੰਮੀ ਪੱਟੀ ਵਾਂਗ ਹੈ ਪਰ ਯੁਕਰੇਨ ਦੇ ਲਾਗੇ ਇਹ ਕਾਫੀ ਚੌੜਾ ਵੀ ਹੈ। ਯੁਕਰੇਨ ਪੂਰਬੀ ਯੂਰਪ ਦਾ ਸੱਭ ਤੋਂ ਉਪਜਾਉ ਇਲਾਕਾ ਹੈ। ਜਾਂ ਇੰਝ ਕਹਿ ਲਵੋ ਕਿ ਪੂਰਬੀ ਯੂਰਪ ਦਾ ਪੰਜਾਬ ਹੈ। ਯੁਕਰੇਨ ਸਦਾ ਤੋਂ ਅਤੇ ਅੱਜ ਵੀ ਜੱਟਾਂ ਦੇ ਕਬਜ਼ੇ ਵਿੱਚ ਹੀ ਹੈ। ਆਧੁਨਕ ਸਾਇੰਸ DNA testing ਵੀ ਇਹ ਸਾਬਤ ਕਰਦੀ ਹੈ ਕਿ ਯੁਕਰੇਨ ਦੇ ਜੱਟ ਅਤੇ ਭਾਰਤੀ ਜੱਟ ਇੱਕ ਹੀ Race ਦੇ ਲੋਕ ਹਨ।

Steppe ਦੇ ਇਲਾਕੇ ਵਿੱਚ ਇਹ ਜੱਟ ਕਬੀਲੇ ਆਪਸ ਵਿੱਚ ਹੀ ਲੱੜਦੇ ਰਹਿੰਦੇ ਸਨ ਪਰ ਬਾਦ ਵਿਚ ਇਹਨਾਂ ਦੇ ਕੁਝ ਸੰਗਠਨ ਵੀ ਬਣੇ। ਇਹਨਾਂ ਕੁਝ ਜੱਟ ਸੰਗਠਨਾਂ ਦੇ ਨਾਮ ਹੇਠਾਂ ਦਿੱਤੇ ਗਏ ਹਨ:

**Scythians** (750-200 B.C.E) ਸਿਥੀਅਨਜ਼ ਬਾਬਤ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ। ਇਹ ਨਾਮ ਸਰਵ ਜੱਟ ਸੰਗਠਨ ਨੂੰ ਯੁਨਾਨੀ ਇਤਿਹਾਸਕਾਰ ਹੀਰੋਡੋਟਸ ਦਾ ਦਿੱਤਾ ਹੋਇਆ ਹੈ। ਅੱਜ ਦੇ ਬਹੁੱਤੇ ਜੱਟ ਕਬੀਲੇ ਮੱਧ ਏਸ਼ੀਆ ਵਿੱਚ ਸਿਥੀਅਨਜ਼ ਕਰਕੇ ਹੀ ਜਾਣੇ ਜਾਂਦੇ ਸਨ। ਕੁਝ ਵੱਡੇ ਜੱਟ ਕਬੀਲੇ ਆਪਣੇ ਅਸਲੀ ਨਾਮ ਨਾਲ ਵੀ ਜਾਣੇ ਜਾਂਦੇ ਸਨ। ਇਹਨਾਂ ਕਬੀਲਿਆਂ ਦੀ ਲਿਸਟ ਪਹਿਲੇ ਭਾਗ ਵਿੱਚ ਦਿੱਤੀ ਗਈ ਹੈ। ਸਿੰਕਦਰ ਦੇ ਪਿਤਾ ਫਿਲਿਪ, ਪਰਸ਼ੀਅਨ ਰਾਜਾ ਦਾਰੀਅਸ ਅਤੇ ਸਾਇਰਸ ਨੇ ਆਪਣੇ ਆਪਣੇ ਵੇਲੇ ਸਿਥਿਅਨਜ਼ ਲੋਕਾਂ ਉੱਤੇ ਕਾਬੂ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਫਿਲਿਪ ਨੂੰ ਸਮਝੋਤਾ ਕਰਨਾ ਪਿਆ, ਦਾਰੀਅਸ ਦੀ ਤਿੰਨ ਲੱਖ ਦੀ ਫੋਜ ਵੀ ਇਹਨਾਂ ਦਾ ਕੁਝ ਨਾਂ ਵਿਗਾੜ ਸਕੀ ਅਤੇ ਉਹ ਬੇਬਸੀ ਵਿੱਚ ਝੱਲਾ ਹੋ ਕੇ ਰਹਿ ਗਿਆ। ਦੁਨੀਆਂ ਦਾ ਮਹਾਨ ਜੇਤੂ ਸਾਇਰਸ ਜਿਹਨੇ ਆਪਣੀ ਸਾਰੀ ਜਿੰਦਗੀ ਵਿੱਚ ਕਦੀ ਕੋਈ ਜੰਗ ਨਹੀ ਸੀ ਹਾਰੀ, ਇਹਨਾਂ ਸਿਥੀਅਨ ਜੱਟਾਂ ਦੀ ਰਾਣੀ ਤੋਮਰੀ ਦੇ ਹੱਥੋਂ ਹਾਰਨ ਦੇ ਨਾਲ ਨਾਲ ਆਪਣੀਂ ਜਾਂਨ ਵੀ ਗਵਾ ਬੈਠਾ। ਇੰਗਲੈਂਡ ਦਾ ਕਿੰਗ ਆਰਥਰ (ਸਾਰਮੇਸ਼ੀਅਨ), ਸਪੇਨ ਦਾ ਗਾਥ ਰਾਜਾ ਅਲਾਰਿਕ (ਬੱਲਥੀ) ਅਤੇ ਬਲਗਾਰੀਆ ਦਾ ਬੱਲ ਰਾਜਾ ਕੁਬਰਾਤ ਸਿਥੀਅਨ ਜੱਟਾਂ ਦੇ ਹੀ ਪੁੱਤ ਪੋਤਰੇ ਸਨ।

**Sarmations** (200 B.C.E-300 C.E) ਜੱਟਾਂ ਦਾ ਇਹ ਕਬੀਲਾ ਸਿਥੀਅਨ ਪਿਤਾ ਅਤੇ ਐਮਾਜ਼ਾਨ ਮਾਂਵਾਂ ਤੋਂ ਪੈਦਾ ਹੋਏ ਬੱਚਿਆਂ ਦੇ ਇਕੱਠ ਤੋਂ ਬਣਿਆਂ। ਇਹਨਾਂ ਦੀ ਕਹਾਣੀ ਪਹਿਲਾਂ ਦੱਸੀ ਜਾ ਚੁੱਕੀ ਹੈ। ਇਹ ਕਬੀਲਾ ਬਾਦ ਵਿੱਚ ਤਿੰਨ ਸ਼ਾਖਾਂ Alans, Iazygian, Roxalani ਵਿੱਚ ਵੰਡਿਆ ਗਿਆ। Alans ਆਪਣੇ ਆਪ ਵਿੱਚ ਇਕ ਮਸ਼ਹੂਰ ਕਬੀਲਾ ਬਣਿਆਂ। Iazygian ਅਤੇ Roxalani ਜੱਟਾਂ ਦੇ ਇੱਕ ਹੋਰ ਮਸ਼ਹੂਰ ਸੰਘਠਨ (Goths) ਵਿੱਚ ਰੱਲ ਗਏ।

**Goths** (150 C.E-372 C.E) ਯਾਦ ਰਹੇ ਕਿ ‘G’ ਨੂੰ ‘J’ ਪੜਨਾਂ ਹੈ। ਜਿਵੇਂ Germany, George, Geometry, General ਅਤੇ ਹੋਰ ਬਹੁਤ ਸਾਰੇ ਸ਼ਬਦ ਲਿਖੇ ਤਾਂ ‘G’ ਨਾਲ ਜਾਂਦੇ ਹਨ ਪਰ ਉਚਾਰਨ ‘J’ਨਾਲ ਕੀਤਾ ਜਾਂਦਾ ਹੈ।ਇਹ ਜੱਟ ਜਰਮਨੀ ਦੇ ਇਲਾਕੇ ਤੋਂ ਉੱਠਕੇ Danube River ਅਤੇ Black Sea ਦੇ ਇਲਾਕਿਆਂ ਵਿੱਚ ਖਿਲਰੇ। 270 C.E ਦੇ ਕਰੀਬ ਇਹ ਦੋ ਹਿਸਿਆਂ ਵਿੱਚ ਵੰਡੇ ਗਏ। Visigoths (ਪੱਛਮੀ ਜੱਟ) ਅਤੇ Ostrogoths (ਪੂਰਬੀ ਜੱਟ) ਅਖਵਾਏ। ਪੱਛਮੀ ਜੱਟ ਅੱਜ ਦੇ Romania ਦੇ ਇਲਾਕੇ ਵਿੱਚ ਟਿਕ ਗਏ। ਪੂਰਬੀ ਜੱਟ ਆਪਣੇ ਮਹਾਨ ਰਾਜੇ ਅਲਾਰਿਕ ਜੋ ਬੱਲਥੀ ਪ੍ਰੀਵਾਰ ਨਾਲ ਸਬੰਧਤ ਸੀ ਦੀ ਅਗਵਾਈ ਹੇਠ ਯੁਕਰੇਨ ਅਤੇ ਸਪੇਨ ਦੇ ਰਾਜੇ ਬਣੇ। Baltic Sea ਤੋਂ Black Sea ਤਕ ਦਾ ਸਾਰਾ ਇਲਾਕਾ ਇਹਨਾਂ ਦੇ ਅਧੀਨ ਸੀ।

**Huns/HuingNu** (100 C.E-455 C.E) ਨਵੀਂ ਖੋਜ ਅਤੇ ਖੋਦਾਈ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਇਹ White Huns ਦੇ ਨੈਣ ਨਕਸ਼ ਆਰੀਆ ਜੱਟਾਂ ਵਰਗੇ ਸਨ। ਚੀਨ ਦੇ ਲੋਕ ਇਹਨਾਂ ਨੂੰ HuingNu ਕਹਿੰਦੇ ਸਨ। ਚੀਨ ਦੀਆਂ ਜੰਗੀ ਤਸਵੀਰਾਂ ਵਿੱਚ ਇਹਨਾਂ ਦਾ ਲੰਮਾਂ ਕੱਦ ਭਰਵੀਂ ਦਾੜੀ ਅਤੇ ਤਿੱਖਾ ਨੱਕ ਸਾਫ ਸਾਫ ਦਿੱਸਦੇ ਹਨ। ਤਰੀਮ ਦੇ ਇਲਾਕੇ ਵਿੱਚ ਹੋਈ ਖੁਦਾਈ ਉੱਤੇ Tarim Mummies ਨਾਮ ਦੀ ਇਕ ਕਿਤਾਬ ਲਿਖੀ ਗਈ ਹੈ ਜਿਸ ਵਿੱਚ ਇਸ ਗੱਲ ਦੀ ਪ੍ਰੋੜਤਾ ਕੀਤੀ ਗਈ ਹੈ ਕਿ HuingNu ਆਰੀਆ ਨਸਲ ਦੇ ਲੋਕ ਸਨ। Dr. Petar Dobrev ਬੱਲਗਾਰੀਆ ਵਾਲੇ ਬੱਲ ਜੱਟਾਂ ਦੀ ਪਿਛੋਕੜ ਇਹਨਾਂ ਲੋਕਾਂ ਦੇ ਜੱਥੇ ਨਾਲ ਮਿਲਾਉਂਦਾ ਹੈ। ਚੀਨ ਦੀ ਮਹਾਨ ਕੰਧ ਬਣਨ ਤੋਂ ਬਾਦ ਇਹ Steppe ਦੇ ਮੈਦਾਨੀ ਇਲਾਕਿਆਂ ਵੱਲ ਵੱਧੇ। ਯੂਰਪ ਵਿੱਚ ਰੋਮ ਅਤੇ ਭਾਰਤ ਵਿੱਚ ਗੁਪਤਾ ਰਾਜ ਕਮਜ਼ੋਰ ਹੋ ਰਹੇ ਸਨ। ਇਸ ਗੱਲ ਦਾ ਫਾਇਦਾ ਉਠਾਉਣ ਲਈ ਇਹ ਜੱਟ ਦੋ ਵੱਖਰੀ ਦਿਸ਼ਾਵਾਂ ਵੱਲ ਵਧੇ। Huns ਜੱਟਾਂ ਦਾ ਮਸ਼ਹੂਰ ਰਾਜਾ ਅਟਿੱਲਾ ਹੋਇਆ ਜੋ 370 C.E ਵਿੱਚ Goths ਜੱਟਾਂ ਦਾ ਰਾਜ ਤਬਾਹ ਕਰਨ ਤੋਂ ਬਾਦ ਰੋਮ ਰਾਜ ਲਈ ਇੱਕ ਰੱਬੀ ਕ੍ਰੋਪ ਬਣਿਆਂ। ਉਸ ਵੇਲੇ ਦੇ ਲੋਕ ਕਹਿੰਦੇ ਸਨ ਕਿ ਰੋਮ ਦੇ ਰਾਜਿਆਂ ਨੂੰ ਉਹਨਾਂ ਦੇ ਗੁਨਾਂਹਾਂ ਦੀ ਸਜ਼ਾ ਦੇਣ ਲਈ ਰੱਬ ਨੇ ਅਟਿੱਲਾ ਨੂੰ ਭੇਜਿਆ ਹੈ।

**Avars** (552 C.E-796C.E) ਜੱਟਾਂ ਦਾ ਇਕ ਹੋਰ ਕਬੀਲਾ ਜੋ ਮੰਗੋਲੀਆ ਤੋਂ ਭਾਰਤ ਅਤੇ ਯੂਰਪ ਗਿਆ। ਮੁਲਤਾਨ (ਸਿੰਧ) ਅਤੇ ਇਰਾਨ ਵਿੱਚ ਅੱਜ ਵੀ ਇਹਨਾਂ ਦੀਆਂ ਅਬਾਦੀਆਂ ਹਨ ਅਤੇ ਇਹਨਾਂ ਨੂੰ ਅਬਾਰਾ ਕਹਿੰਦੇ ਹਨ। ਪ੍ਰਾਚੀਨ ਸਮਿਆਂ ਵਿੱਚ ਮੱਧ ਏਸ਼ੀਆ ਅਤੇ ਹੰਗਰੀ ਦੇ ਇਲਾਕੇ ਵਿੱਚ ਇਹਨਾਂ ਦੇ ਰਾਜ ਭਾਗ ਸਨ।

**Khazars** (576 C.E-1240 C.E) ਭਾਰਤ ਅਤੇ ਪਾਕਿਸਤਾਨ ਵਿੱਚ ਇਹਨਾਂ ਨੂੰ ਗੁਜਰ ਕਹਿੰਦੇ ਹਨ। ਪਾਕਿਸਤਾਨ ਦਾ ਜਿਲਾ ਗੁਜਰਾਂਵਾਲਾ, ਜਿਲਾ ਗੁਜਰਾਤ ਅਤੇ ਭਾਰਤ ਦੀ ਗੁਜਰਾਤ ਸਟੇਟ ਇਹਨਾਂ ਦੇ ਨਾਮ ਥੱਲੇ ਵੱਸੇ ਹਨ। ਯੂਰਪ ਅਤੇ ਮੱਧ ਏਸ਼ੀਆ ਵਿੱਚ ਇਹਨਾਂ ਨੂੰ Khazar ਕਿਹਾ ਜਾਂਦਾ ਸੀ। ਬੱਲਗਾਰ ਅਤੇ ਖੱਜਰ ਕਬੀਲੇ ਇਕ ਦੂਜੇ ਦੇ ਬਹੁੱਤ ਨਜ਼ਦੀਕੀ ਸਨ। ਹੱਨ, ਬੱਲਗਾਰ, ਖੱਜਰ, ਅੱਵਰ ਅਤੇ ਐਲਨ ਇੱਕ ਦੂਜੇ ਕਬੀਲੇ ਨਾਲ ਵਿਆਹ ਸ਼ਾਦੀ ਅਤੇ ਖੂਨ ਦੀ ਸਾਂਝ ਨਾਲ ਜੁੜੇ ਸਨ। ਖੱਜਰ ਅਤੇ ਬੱਲਗਾਰ ਦੀ ਤਾਂ ਬੋਲੀ ਵੀ ਇੱਕ ਹੀ ਸੀ। Khazar Empire ਦੁਨੀਆਂ ਦੀ ਵੱਡੀ ਅਤੇ ਮਸ਼ਹੂਰ ਸਲਤਨਤ ਹੋਈ ਹੈ।

**Magyars** (737 C.E-893 C.E) ਇਹ Huns ਦਾ ਹੀ ਹਿੱਸਾ ਸਨ ਅਤੇ ਅੱਜ ਦਾ ਹੰਗਰੀ ਮੁਲਕ ਇਹਨਾਂ ਦਾ ਵਸਾਇਆ ਹੋਇਆ ਹੈ। ਯੁਕਰੇਨ ਵਿੱਚ ਇਹ ਖੱਜਰਾਂ ਦੇ ਅਧੀਨ ਸਨ। ਬਾਦ ਵਿੱਚ Huns, Khazars ਅਤੇ Avaras ਰੱਲਕੇ ਪੱਛਮੀ ਯੂਰਪ ਉੱਤੇ ਹਮਲੇ ਕਰਦੇ ਰਹੇ।

**The Balgar (ਬੱਲ)** ਬੱਲ ਅਤੇ ਬਾਕੀ ਦੇ ਸੱਭ ਜੱਟਾਂ ਨੂੰ ਹਰੋਡੋਟਸ ਨੇ ਸਿਥੀਅਨਜ਼ ਲਿਖਿਆ ਹੈ। ਸਿਥੀਅਨਜ਼ ਦੀ ਪਿਛੋਕੜ ਮੈਸੋਪੋਟੇਮੀਆਂ ਦੇ ਸੁਮੇਰੀਅਨ ਨਾਲ ਜੁੜਦੀ ਹੈ। ਸੁਮੇਰੀਅਨ ਕੌਣ ਸਨ ਅਤੇ ਕਿਥੋਂ ਆਏ ? ਬਹੁੱਤੇ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਲੋਕ ਪਾਮੀਰ ਤੋਂ Caucasus Mountain ਦੇ ਇਲਾਕੇ ਵਿੱਚ ਆਏ, ਅਤੇ ਫਿਰ ਖਾੜੀ ਫਾਰਸ ਦੇ ਕੰਢੇ ਉੱਤੇ ਦੁਨੀਆਂ ਦੇ ਸੱਭ ਤੋਂ ਪਹਿਲੇ ਸ਼ਹਿਰ 'ਉਰ' (Uruk) ਅਤੇ ਸੁਮੇਰ ਵਸਾਏ। ਪਾਮੀਰ ਪਰਬਤ ਨੂੰ ਸੁਮੇਰ ਪਰਬਤ ਵੀ ਕਿਹਾ ਜਾਂਦਾ ਹੈ। ਇਸਤਰਾਂ ਸੁਮੇਰ ਪਰਬਤ ਦੇ ਇਲਾਕੇ ਤੋਂ ਆਏ ਲੋਕ, ਸੁਮੇਰ ਨਾਮ ਦਾ ਸ਼ਹਿਰ ਵਸਾਕੇ ਸੁਮੇਰੀਅਨ ਸਭਿਅਤਾ ਦੇ ਬਾਨੀ ਬਣੇ। ਆਦ ਸਮਿਆਂ ਵਿੱਚ ਇਹ ਜੱਟ ਕਬੀਲੇ ਸਾਇਬੇਰੀਆ ਤੋਂ ਸਤਲੁਜ ਅਤੇ ਮੰਗੋਲੀਆ ਤੋਂ ਹੰਗਰੀ ਤੱਕ ਖਿਲਰੇ ਸਨ। ਏਹੀ ਉਹ ਇਲਾਕਾ ਹੈ ਜਿਸ ਨੂੰ ਭਾਰਤੀ ਪੁਰਾਣਾ ਵਿੱਚ ਜੰਬੂ ਦੀਪ ਲਿਖਿਆ ਗਿਆ ਹੈ। ਚੀਨੀ ਸੁਤਰਾਂ ਮੁਤਾਬਕ 100 B.C.E ਦੇ ਦੋਰਾਨ ਬੱਲ ਜਾਂ ਬੱਲਗਾਰ ਚੀਨ ਦੇ ਉੱਤਰ ਪੱਛਮੀ ਇਲਾਕੇ ਦੇ ਗਾਨਸੂ ਸੂਬੇ ਉੱਤੇ ਹਮਲੇ ਕਰਦੇ ਰਹਿੰਦੇ ਸਨ। ਬਾਦ ਵਿੱਚ ਇਹ ਮੱਧ ਏਸ਼ੀਆ ਅਤੇ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਆ ਗਏ।

ਬੱਲਗਾਰ, ਜੱਟ ਰਾਜੇ ਅਟਿਲਾ ਦੀ ਫੌਜ ਦਾ ਮੁੱਖ ਅਤੇ ਮਹੱਤਵ ਪੂਰਣ ਹਿੱਸਾ ਸਨ। ਅਟਿਲਾ ਦੀ ਮੌਤ ਤੋਂ ਬਾਦ ਉਹਦਾ ਰਾਜ ਭਾਗ ਅਤੇ ਫੌਜ ਵੀ ਉਹਦੇ ਪੁੱਤਰਾਂ ਵਿੱਚ ਵੰਡੇ ਗਏ। ਜੱਟਾਂ ਦਾ ਇਹ ਪ੍ਰਾਚੀਨ ਰਿਵਾਜ ਅੱਜ ਵੀ ਜਾਰੀ ਹੈ ਜਿਸ ਵਿੱਚ ਪਿਤਾ ਦੀ ਸਾਰੀ ਜ਼ਮੀਨ ਜਾਇਦਾਦ ਉਹਦੇ ਪੁੱਤਰਾਂ ਵਿੱਚ ਬਰਾਬਰ ਹਿਸਿਆਂ ਵਿੱਚ ਵੰਡੀ ਜਾਂਦੀ ਹੈ। ਇਸ ਵੰਡ ਅਧੀਨ ਬੱਲਗਾਰ ਅਟਿਲਾ ਦੇ ਪੁਤਰ ਹਰਨਾਕ ਦੇ ਝੰਡੇ ਹੇਠ ਆ ਗਏ। ਇਹਨਾਂ ਬੱਲਾਂ ਨੇ ਰਾਜਾ ਕੁਬਰਾਤ ਦੀ ਅਗਵਾਈ ਹੇਠ Caucasus ਦੇ ਇਲਾਕੇ ਵਿੱਚ ਆਪਣਾ ਰਾਜ ਸਥਾਪਤ ਕੀਤਾ। ਕੁਬਰਾਤ ਦੇ ਪੰਜ ਪੁੱਤਰ ਸਨ। ਸੱਭ ਤੋਂ ਵੱਡੇ ਦਾ ਨਾਮ Bayan ਸੀ। ਬਾਕੀ ਚੌਹਾਂ ਦੇ ਨਾਮ ਸਨ Kotrag, Kuber, Altsek ਅਤੇ Asparu. ਕਹਿੰਦੇ ਨੇ ਕਿ ਕੁਬਰਾਤ ਨੇ ਆਪਣੇ ਮਰਨ ਵੇਲੇ ਪੰਜਾਂ ਪੁੱਤਰਾਂ ਨੂੰ ਇੱਕ ਇੱਕ ਤੀਰ ਦੇ ਕੇ ਤੋੜਣ ਲਈ ਕਿਹਾ। ਪੰਜਾਂ ਨੇ ਆਪਣਾ ਆਪਣਾ ਤੀਰ ਬੜੀ ਅਸਾਨੀ ਨਾਲ ਤੋੜ ਦਿੱਤਾ। ਫਿਰ ਕੁਬਰਾਤ ਨੇ ਪੰਜ ਤੀਰ ਇਕੱਠੇ ਬੰਨਕੇ ਤੋੜਨ ਲਈ ਕਿਹਾ। ਵਾਰੀ ਵਾਰੀ ਪੰਜੇ ਪੁੱਤਰ ਜੋਰ ਲਾ ਰਹੇ ਪਰ ਪੰਜ ਇੱਕਠੇ ਤੀਰ ਕਿਸੇ ਤੋਂ ਵੀ ਨਾ ਟੁੱਟੇ। ਇਸਤਰਾਂ ਇਕ ਮਰਦੇ ਪਿਓ ਨੇ ਆਪਣੇ ਪੁੱਤਰਾਂ ਨੂੰ ਇਕੱਠੇ ਰਹਿਣ ਦੀ ਨਸੀਹਤ ਕੀਤੀ।ਬੱਲਗਾਰੀਆ ਦੇ Coat Of Arms ਉੱਤੇ ਵੀ ਏਹੀ ਨਸੀਹਤ ਲਿਖੀ ਹੈ "ਇਕੱਠ ਵਿੱਚ ਸ਼ਕਤੀ" ਸੰਨ 1912 ਵਿੱਚ ਹੋਈ ਖੋਦਾਈ ਮੁਤਾਬਕ ਕੁਬਰਾਤ ਦੀ ਕਬਰ Baltavar ਦੇ ਇਲਾਕੇ ਵਿੱਚ ਹੈ। ਅੱਜ ਕੱਲ ਇਸ ਇਲਾਕੇ ਦਾ ਨਾਮ Poltava ਹੈ।

ਕੁਬਰਾਤ ਦੇ ਪੁੱਤਰ ਇਸ ਨਸੀਹਤ ਉੱਤੇ ਚੱਲ ਨਹੀ ਸਕੇ। ਹਾਲਾਤ ਨੇ ਉਹਨਾਂ ਨੂੰ ਆਪਣੇ ਵੱਖ ਵੱਖ ਰਾਜ ਭਾਗ ਕਾਇਮ ਕਰਨ ਲਈ ਮਜਬੂਰ ਕਰ ਦਿੱਤਾ। ਬਹੁੱਤੇ ਬੱਲਗਾਰ ਤਾਂ Bayan ਦੇ ਅਧੀਨ Caucasus ਦੇ ਇਲਾਕੇ ਵਿੱਚ ਹੀ ਟਿਕੇ ਰਹੇ ਅਤੇ ਖੱਜਰਾਂ ਨਾਲ ਮਿਲਕੇ ਇਸ ਇਲਾਕੇ ਉੱਤੇ ਰਾਜ ਕਰਦੇ ਰਹੇ।ਇਹਨਾਂ ਨੂੰ Caucasian Balgar/Balkar ਅਤੇ ਇਹਨਾਂ ਦੇ ਇਲਾਕੇ ਨੂੰ ਬੱਲਕਾਰੀਆ ਕਹਿੰਦੇ ਹਨ। ਅੱਜ ਇਹ ਇਲਾਕਾ ਰੂਸ ਦੇ ਅਧੀਨ ਹੈ । The Church History by Zakaria and Rhetor ਮੁਤਾਬਕ ਕੁਝ ਬੱਲਗਾਰ ਕਾਓਕਾਸਸ ਤੋਂ ਵੋਲਗਾ ਦਰਿਆ ਦੇ ਇਲਾਕੇ ਵੱਲ ਵੱਧੇ ਅਤੇ ਕੁਝ ਅਰਮੀਨੀਆ ਵਿਚ ਹੀ ਵੱਸ ਗਏ। ਅੱਜ ਵੀ ਦੇਗਸਤਾਨ ਅਤੇ

ਬੱਲਕਾਰੀਆ ਦੇ ਇਲਾਕੇ ਵਿਚ ਬੱਲਾਂ ਦੇ ਕਈ ਪ੍ਰਾਚੀਨ Monuments ਮਿਲਦੇ ਹਨ। ਪ੍ਰਾਚੀਨ ਬੱਲ ਲੰਬੇ ਚੌੜੇ ਡੀਲ ਡੌਲ ਵਾਲੇ ਹੁੰਦੇ ਸਨ। ਇੱਕ ਅਰਬ ਭਗੋਲੀ ਦਾ ਰੋਣਾ ਹੈ ਕਿ “ Ten of our men cannot overcome one Balgar ” ਭਾਰਤੀ ਪੁਰਾਣਾਂ ਵਿੱਚ ਵੀ ਲਿਖਿਆ ਹੈ ਕਿ ਭਗਤ ਪ੍ਰਲਾਦ ਦੇ ਪੂਰਵਜਾਂ ਦੇ ਸੁਨਿਹਰੀ ਮੁਕਟ ਅਸਮਾਨ ਨੂੰ ਸ਼ੋਂਹਦੇ ਸਨ। ਇਹਨਾਂ ਨੂੰ ਸ਼ਾਇਦ ਦੈਂਤ ਵੀ ਇਹਨਾਂ ਦੇ ਲੰਮੇ ਚੌੜੇ ਕੱਦ ਕਰਕੇ ਹੀ ਕਿਹਾ ਜਾਂਦਾ ਸੀ। ਅੱਜ ਵੀ ਬੱਲਕਾਰੀਆ ਦੇ ਪਹਿਲਵਾਨ ਸਾਰੀ ਦੁਨੀਆਂ ਵਿੱਚ ਮਸ਼ਹੂਰ ਹਨ।

ਇੱਕ ਹੋਰ ਵੱਡਾ ਬੱਲਗਾਰ ਜੱਥਾ Kotrag ਦੀ ਅਗਵਾਈ ਹੇਠ ਵੋਲਗਾ ਦਰਿਆ ਦੇ ਇਲਾਕੇ ਵਿੱਚ ਵੱਸ ਗਿਆ। ਇਹਨਾਂ ਨੂੰ ਵੋਲਗਾ ਬੱਲਗਾਰ ਕਿਹਾ ਜਾਂਦਾ ਸੀ। ਬਾਦ ਵਿੱਚ ਇਹ ਹੋਰ Uralic ਲੋਕਾਂ ਵਿੱਚ ਰੱਚ ਮਿੱਚ ਗਏ।ਅੱਜ ਇਹ Tatar, Chuvash, Bashkir ਆਦਿਕ ਕਰਕੇ ਜਾਣੇ ਜਾਂਦੇ ਹਨ। ਤੀਜੇ ਬੱਲਗਾਰ ਗਰੁਪ ਨੇ Asparu ਦੀ ਅਗਵਾਈ ਹੇਠ ਪਹਿਲਾਂ ਆਪਣਾਂ ਰਾਜ Moldovia ਵਿੱਚ ਸਥਾਪਤ ਕੀਤਾ। ਫਿਰ Danube ਦਰਿਆ ਪਾਰ ਕਰਕੇ ਅਤੇ Byzantines ਨੂੰ ਹਰਾਕੇ ਆਪਣਾ ਰਾਜ ਸਥਾਪਤ ਕੀਤਾ ਜੋ ਅੱਜ ਦਾ ਬੱਲਗਾਰੀਆ ਹੈ। ਇਹਨਾਂ ਨੂੰ Danubian Balgar ਵੀ ਕਹਿੰਦੇ ਹਨ। Kuber ਦੀ ਅਗਵਾਈ ਹੇਠ ਕੁਝ ਬੱਲਗਾਰ Pannonia ਅਤੇ Macedonia ਉੱਤੇ ਕਾਬਜ਼ ਰਹੇ ਅਤੇ ਬਾਦ ਵਿੱਚ ਆਪਣੇ Danubian ਭਰਾਵਾਂ ਨਾਲ ਰੱਲ ਗਏ। Altsek ਅਤੇ ਉਸਦੇ ਬੱਲਗਾਰ ਸਾਥੀ ਇਟਲੀ ਦੇ Naples ਇਲਾਕੇ ਵਿੱਚ Lombards ਦੇ ਅਧੀਨ ਜਗੀਰਦਾਰ ਬਣ ਗਏ।

Bavaria ਜਰਮਨੀ ਦਾ ਇਕ ਹਿੱਸਾ ਹੈ। ਅਰਮੀਨੀਆ ਤੋਂ ਖਿਲਰੇ ਬੱਲ ਵੋਲਗਾ ਹੀ ਨਹੀ ਇਸ ਇਲਾਕੇ ਵਿੱਚ ਵੀ ਆਏ। ਬਾਵੇਰੀਆ ਦੇ ਚਰਚ ਦਸਤਾਵੇਜ਼ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਬਾਵੇਰੀਆ ਰਾਜ ਸਥਾਪਤ ਕਰਨ ਵਾਲੇ ਪੂਰਬ ਵਲੋਂ ਆਏ ਪ੍ਰਦੇਸੀ ਲੋਕ ਸਨ। ਬਾਵੇਰੀਆ ਦੇ ਰਾਜੇ ਦੇ ਪ੍ਰੀਵਾਰ ਦਾ ਨਾਮ ਬੱਲਗਾਰ ਲਿਖਿਆ ਹੈ।

“In olden times this family (Balgar) had lived in the lands in the north of India, where it was famous still in the time of the Persian kings Astiag and Cyrus, in the VI c. BC. After this, about in the II c. BC, it settled in his oldest lands, in neighbourship with the most eastern parts of Armenia. After new battles and misadventures it leaved these lands, to come in its last country – Bavaria.” (Petar Dobrev, )

ਹੇਠਾਂ ਲਿਖੇ ਬੱਲਗਾਰੀਅਨ ਵਿਦਵਾਨ ਇਤਿਹਾਸਕ ਖੋਜੀ ਆਪਣੀਆਂ ਕ੍ਰਿਤਾਂ ਵਿੱਚ ਉਪਰੋਕਤ ਕਹੀਆਂ ਗਈਆਂ ਗੱਲਾਂ ਦੀ ਪੁਰਜੋਰ ਪ੍ਰੋੜਤਾ ਕਰਦੇ ਹਨ:

Dr. Petar Dobrev "The Bulgarian Fireplaces of Civilization on the Map of Euro Asia" ( Bulgarian Academy of Science, Sofia, 1998.)
Dr. Alexander Fol "History of the Bulgarians. Necessity for a New Approach. Reconsiderations" (Sofia Sate University, 1998.)
Dr. Alexander Fol and other professors from Sofia State University, "Bulgarian Centuries"
Dr. Alexander Fol "The Bulgarians" (Sofia State State University, 2000.)

ਇਹ ਸਾਰੇ Scholars ਬੱਲਗਾਰ (ਬੱਲਾਂ) ਨੂੰ ਪਾਮੀਰ ਪਰਬਤ ਦੇ ਇਲਾਕੇ ਵਿਚੋਂ ਨਿਕਲਕੇ ਭਾਰਤ ਅਤੇ ਯੂਰਪ ਦੇ ਇਲਾਕਿਆਂ ਵਿੱਚ ਖਿਲਰੇ ਮੰਨਦੇ ਹਨ। ਤਾਜ਼ੀਕ ਲੋਕ ਅੱਜ ਵੀ ਪਾਮੀਰ ਦੇ ਇਲਾਕੇ ਨੂੰ ਬੱਲਗਾਰ ਕਹਿੰਦੇ ਹਨ। ਬੱਲਾਂ ਦੀ ਇੱਕ ਸ਼ਾਖਾ ਜੋ ਭਾਰਤ ਵੱਲ ਵੱਧੀ ਉਹਨਾਂ ਨੇ ਗੁਜਰਾਤ ਵਿੱਚ ਆਪਣਾ ਬਲਬੀਪੁਰ ਰਾਜ ਸਥਾਪਤ ਕੀਤਾ

ਜਿਸ ਨੂੰ ਅਰਬਾਂ ਨੇ ਬੱਲਹਾਰਾ ਲਿਖਿਆ ਹੈ। ਬੱਲਾਂ ਦੀ ਦੂਜੀ ਸ਼ਾਖਾ ਜੋ ਯੂਰਪ ਵੱਲ ਵੱਧੀ ਉਹ ਪਹਿਲਾਂ ਅਰਮੀਨੀਆਂ ਫਿਰ ਵੋਲਗਾ ਦਰਿਆ ਅਤੇ ਫਿਰ ਯੂਰਪ ਦੇ ਦੂਜੇ ਮੁਲਕਾਂ ਵਿੱਚ ਖਿਲਰ ਗਏ। ਰਾਜੇ ਕੁਬਰਾਤ ਅਤੇ ਉਸ ਦੇ ਪੁੱਤਰਾਂ ਦੇ ਵੇਲੇ ਦੀਆਂ ਸ਼ਿਲਾ ਲਿਖਤਾਂ ਪੂਰਬੀ ਪਾਮੀਰ ਭਾਸ਼ਾ ਦੀ ਝਲਕ ਦੇਦੀਆਂ ਹਨ।

ਪ੍ਰਾਚੀਨ ਅਰਮੀਨੀਅਨ ਦਸਤਾਵੇਜ ‘Ashratsoot ’ ਮੁਤਾਬਕ :

"In Apahtark there are five countries, of which well known are Sogdiana and Sakastan. These two regions are inhabited by 15 peoples, who are rich craftsmen and tradesmen. They occupy the land between Turkestan and the Arians(Persia) in the foots of the Imai mountain (today's Pamir and Hindukush)….. Of the 15 peoples one is called Masageti…then comes the people Balh (i. e. the Bulgarians)

ਭਾਰਤੀ ਪੁਰਾਣ ਅਤੇ ਮਹਾਂਭਾਰਤ ਦੇ ਸੂਤਰਾਂ ਅਨੁਸਾਰ ਬੱਲ, ਬੱਲਹੀਕਾ ਏਸੇ ਹੀ ਇਲਾਕੇ ਦੇ ਰਹਿਣ ਵਾਲੇ ਸਨ। ਚੀਨੀ ਲੇਖਕਾਂ ਨੇ ਚੀਨ ਦੇ ਉੱਤਰ ਪੱਛਮੀ ਇਲਾਕੇ ਉੱਤੇ ਹਮਲੇ ਕਰਨ ਵਾਲਿਆਂ ਨੂੰ Hunu (HuingNu) ਲਿਖਿਆ ਹੈ। ਬਾਦ ਵਿੱਚ ਇਹਨਾਂ ਦੇ ਸੰਗਠਨ ਨੂੰ Hunugur ਲਿਖਿਆ ਹੈ। ਇਸ ਸੰਗਠਨ ਦੇ ਕਈ ਹੋਰ ਕਬੀਲੇ ਸਨ ਜਿਵੇਂ ਕਿ Uturgur, Kulurgur, Balgur. B.S Dahiya ਇਹਨਾਂ ਕਬੀਲਿਆਂ ਨੂੰ ਜੱਟ ਲਿਖਦਾ ਹੈ। Procopius ਨੇ ਵੀ Balgar (Balgur) ਨੂੰ Hunugur ਸੰਗਠਨ ਦੀ ਇੱਕ ਸ਼ਾਖਾ ਲਿਖਿਆ ਹੈ। ਚੀਨੀ ਸੂਤਰ (ਜੰਗੀ ਤਸਵੀਰਾਂ) ਅਤੇ ਤਰੀਮ ਵਾਦੀ ਦੀ ਖੋਦਾਈ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਇਹ Hunugur ਆਰੀਆ ਨਸਲ ਦੇ ਸਨ। ਯੂਨਾਨੀ ਇਤਿਹਾਸਕਾਰਾਂ ਨੇ ਇਹਨਾਂ ਨੂੰ ਸਿਥੀਅਨਜ਼ ਲਿਖਿਆ ਹੈ। ਬੱਲਗਾਰੀਆ ਦੇ ਦਮਿੱਤਰ ਸੁਸੋਲਾਵ ਦੀ ‘Hunurian Theory’ ਵੀ ਉਪਰੋਕਤ ਕਹੀਆਂ ਗੱਲਾਂ ਦੀ ਪ੍ਰੋੜਤਾ ਕਰਦੀ ਹੈ। ਮੰਗੋਲ ਨਸਲ ਵਾਲੇ Huns (ਚੰਗੇਜ਼ ਖਾਨ) ਆਦਿਕ ਸੈਂਕੜੇ ਸਾਲ ਬਾਦ ਹੋਂਦ ਵਿੱਚ ਆਏ।

ਸਤਾਰਵੀਂ ਸਦੀ ਦੇ ਦੇਗਿਸਤਾਨੀ ਦਸਤਾਵੇਜ਼ ‘ਦਰਬੰਤ ਨਾਮਾ’ ਵਿੱਚ ਵੀ ਲਿਖਿਆ ਹੈ ਕਿ Hunugur ਅਤੇ Balgur ਇੱਕ ਹੀ ਹਨ ਅਤੇ ਇਹ Balkar, Balandzhar ਅਤੇ Balasagun ਇਲਾਕਿਆਂ ਵਿੱਚ ਵੱਸਦੇ ਸਨ। ਪਾਮੀਰ ਪਰਬਤ ਦੇ ਪੂਰਬੀ ਹਿਸੇ ਨੂੰ ਅੱਜ ਵੀ ਬੱਲਗਾਰ ਕਹਿੰਦੇ ਹਨ। ਰੂਸੀ ਭਗੋਲ ਵਿਦਿਆਨੀ G.Kostenko ਇਸ ਪਹਾੜੀ ਇਲਾਕੇ ਨੂੰ ‘ਬਲਾਰ’ ਲਿਖਦਾ ਹੈ। Petar Dobrev, Col.Tod , B.S Dahiya, ਚੀਨੀ, ਭਾਰਤੀ, ਪਰਸ਼ੀਅਨਜ਼, ਅਰਮੀਨੀਅਨਜ਼, ਯੂਨਾਨੀ, ਬੱਲਗਾਰੀਅਨ ਅਤੇ ਸੈਂਕੜੇ ਹੋਰ ਸੂਤਰ ਅਤੇ ਦਸਤਾਵੇਜ਼ ਬਿਨਾਂ ਸ਼ੱਕ ਸ਼ੁਬਾ ਇਹ ਸਾਬਤ ਕਰਦੇ ਹਨ ਕਿ ਬੱਲ ਜੱਟਾਂ ਦਾ ਪ੍ਰਾਚੀਨ ਘਰ ਪਾਮੀਰ ਪਰਬਤ ਦਾ ਇਲਾਕਾ ਸੀ। ਏਥੋਂ ਇਹਨਾਂ ਦੀ ਇਕ ਸ਼ਾਖਾ ਨੇ ਦਰਾ ਬੋਲਨ ਵਿੱਚ ਦੀ ਲੰਘਕੇ ਪਹਿਲਾਂ ਸਿੰਧ ਫਿਰ ਗੁਜਰਾਤ, ਰਾਜਸਥਾਨ ਅਤੇ ਮਾਲਵਾ (ਮੱਧ ਪ੍ਰਦੇਸ) ਵਿੱਚ ਆਪਣੇ ਰਾਜ ਸਥਾਪਤ ਕੀਤੇ। ਬਾਦ ਵਿੱਚ ਇਹ ਉੱਤਰ ਪ੍ਰਦੇਸ, ਹਰਿਆਣਾਂ ਅਤੇ ਪੰਜਾਬ ਵਿੱਚ ਵੱਸ ਗਏ। ਪਾਮੀਰ ਪਰਬਤ ਦੇ ਇਲਾਕੇ ਤੋਂ ਹੀ ਬੱਲਾਂ ਦੀ ਦੂਜੀ ਸ਼ਾਖਾ ਯੂਰਪ ਵੱਲ ਵੱਧੀ। ਜਿਹਨਾਂ ਨੇ ਪਹਿਲਾਂ ਅਰਮੀਨੀਆ ਫਿਰ ਵੋਲਗਾ ਦਰਿਆ(ਰੂਸ), ਬਾਵੇਰੀਆ(ਜਰਮਨੀ), ਬੱਲਗਾਰੀਆ ਅਤੇ ਕਈ ਹੋਰ ਯੂਰਪੀ ਮੁਲਕਾਂ ਵਿੱਚ ਆਪਣੇ ਰਾਜ ਸਥਾਪਤ ਕੀਤੇ।